ਸੰਮਤ: ੫੫੭ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੨੦ ਮਾਘ ਸੰਨ ੨੦੨੬ Monday, 02 Feburay

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com



# ਸ੍ਰੀ ਗੁਰੂ ਗ੍ਰੰਥ ਸਾਹਿਬ, ਸੰਸਾਰੀਕਰਨ ਅਤੇ ਕਿਸਾਨੀ

ਸਿੱਖ ਇਨਕਲਾਬ ਮੁੱਖ ਤੌਰ 'ਤੇ ਕਿਸਾਨਾਂ ਅਤੇ ਦੱਬੇ, ਲਤਾੜੇ ਗਏ ਲੋਕਾਂ ਦਾ ਇਨਕਲਾਬ ਹੈ। ਗੁਰੂ ਅਮਰਦਾਸ ਜੀ ਨੇ ਪਹਿਲੀ ਵਾਰ ਜੱਟ ਕਿਸਾਨੀ ਨੂੰ ਸਿੱਖੀ ਵਿੱਚ ਲਿਆਂਦਾ। ਗੁਰੂ ਅਰਜਨ ਦੇਵ ਜੀ ਵੇਲੇ ਮਾਝੇ ਦੀ ਸਮੁੱਚੀ ਜੱਟ ਕਿਸਾਨੀ ਸਿੱਖ ਬਣ ਚੁੱਕੀ ਸੀ। ਸਿੱਖ ਧਰਮ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਜਲਦੀ ਹੀ ਜੱਟ ਕਿਸਾਨੀ ਇਸ ਦਾ ਮੁੱਖ ਆਧਾਰ ਬਣ ਚੁੱਕੀ ਸੀ।ਇਸ ਤੱਥ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਜਦੋਂ ਸਿੱਖੀ ਦੇ ਪ੍ਰਚਾਰ ਲਈ ਮੰਜੀਆਂ ਦੀ ਪ੍ਰਥਾ ਸ਼ੁਰੂ ਕੀਤੀ ਗਈ ਤਾਂ ਇਨ੍ਹਾਂ ਵਿੱਚ ਵੱਡੀ ਬਹੁਗਿਣਤੀ ਕਿਸਾਨਾਂ ਨਾਲ ਸਬੰਧਤ, ਲੋਕਾਂ ਦੀ ਹੀ ਸੀ। ਜੇ ਅਸੀਂ ਪੰਜਾਬ ਵਿੱਚ ਕਿਸਾਨਾਂ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਇਹ ਤੱਥ ਸਪੱਸ਼ਟ ਹੋ ਜਾਂਦਾ ਹੈ ਕਿ ਮਾਝੇ ਵਿੱਚ ਮਾਲਵੇ ਨਾਲੋਂ ਬਹੁਤ ਪਹਿਲਾਂ ਕਿਸਾਨ ਵੱਸ ਗਏ ਸਨ। ਅੱਠਵੀਂ ਸਦੀ ਤੱਕ ਕਿਸਾਨ ਲੋਕ ਮੁੱਖ ਤੌਰ 'ਤੇ ਸਿੰਧ ਦੇ ਕੰਢੇ 'ਤੇ ਵੱਸੇ ਹੋਏ ਸਨ।ਜਦੋਂ ਮੁਹੰਮਦ ਬਿਨ ਕਾਸਿਮ ਦੀ ਅਗਵਾਈ ਹੇਠ ਹਿੰਦੋਸਤਾਨ 'ਤੇ ਅਰਬਾਂ ਦਾ ਹਮਲਾ ਹੋਇਆ ਤਾਂ ਸਭ ਤੋਂ ਵੱਧ ਮਾਰ ਜੱਟਾਂ ਨੂੰ ਖਾਣੀ ਪਈ। ਉਹ ਸਿੰਧ ਦੇ ਕੰਢੇ ਤੋਂ ਉੱਜੜ ਗਏ। ਕੁੱਝ ਸਿੱਧੇ ਪੰਜਾਬ ਚਲੇ ਗਏ। ਇਨ੍ਹਾਂ ਨੂੰ ਮਾਝੇ ਦੇ ਜੱਟ ਕਿਸਾਨ ਕਿਹਾ ਜਾਂਦਾ ਹੈ। ਕੁੱਝ ਸਿੰਧ ਤੋਂ ਰਾਜਸਥਾਨ ਚਲੇ ਗਏ ਅਤੇ ਬਾੜਮੇਰ, ਜੈਸਲਮੇਰ ਤੇ ਬੀਕਾਨੇਰ ਤੋਂ ਹੁੰਦੇ ਹੋਏ ਪੰਜਾਬ ਆਏ। ਭਟੀ ਰਾਉ ਨੇ ਬਠਿੰਡਾ ਸਥਾਪਿਤ ਕੀਤਾ। ਭਟੀ ਰਾਉ ਦੇ ਲੜਕੇ ਬਰਾੜ ਰਾਉ ਨੇ ਫਰੀਦਕੋਟ ਦੀ ਰਿਆਸਤ ਕਾਇਮਕੀਤੀ ਅਤੇ ਦੂਜੇ ਲੜਕੇ ਸਿੱਧੂ ਰਾਉ ਦੀ ਔਲਾਦ ਨੇ ਪਟਿਆਲਾ, ਨਾਭਾ ਤੇ ਜੀਂਦ ਰਿਆਸਤਾਂ ਕਾਇਮ ਕੀਤੀਆਂ।ਮਾਲਵੇ ਦੇ ਇਲਾਕੇ ਵਿੱਚ ਜੱਟ ਕਿਸਾਨੀ ਨੂੰ ਸਥਾਪਤ ਕਰਨ ਦੀ ਪ੍ਰਕਿਰਿਆ ਵਿੱਚ ਸਿੱਖ ਗੁਰੂ ਸਾਹਿਬਾਨ ਨੇ ਵੱਡੀਭੂਮਿਕਾ ਨਿਭਾਈ। ਸੱਤਵੇਂ ਪਾਤਸ਼ਾਹ ਗੁਰੂ ਹਰਿ ਰਾਏ ਜੀ ਨੇ ਕੀਰਤਪੁਰ ਵਿੱਚ ਆਪਣਾ ਮੁੱਖ ਸਥਾਨ ਸਥਾਪਤ ਕੀਤਾ। ਉਨ੍ਹਾਂ ਦਾ ਇਸ ਇਲਾਕੇ ਵਿੱਚ ਕਿੰਨਾ ਰਸੂਖ ਸੀ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਦੇ ਡੇਰੇ 'ਤੇ ਹਰ ਵਕਤ 2200 ਘੋੜ ਸਵਾਰ ਤਿਆਰ ਬਰ ਤਿਆਰ ਰਹਿੰਦੇ ਸਨ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਮਾਲਵੇ ਦੇ ਖੇਤਰ ਨੂੰ ਆਪਣਾ ਮੁੱਖ ਅਧਾਰ ਬਣਾਇਆ ਅਤੇ ਮਾਲਵੇ ਦੇ ਜੱਟਾਂ ਨੂੰ ਸਥਾਪਤ ਕਿਸਾਨੀ ਬਣਾਉਣ ਵਿਚ ਸਫਲਤਾ ਮਿਲੀ।ਬਾਬਾ ਬੰਦਾ ਸਿੰਘ ਬਹਾਦਰ ਨੇ ਰਾਜਸੀ ਸੱਤਾ ਸੰਭਾਲਣ ਤੋਂ ਬਾਅਦ ਸਭ ਤੋਂ ਪਹਿਲਾਂ ਜਗੀਰਦਾਰੀ ਵਿਵਸਥਾ ਖਤਮ ਕਰ ਦਿੱਤੀ ਅਤੇ ਜ਼ਮੀਨ ਹੱਲ ਵਾਹਕਾਂ ਵਿੱਚ ਵੰਡ ਦਿੱਤੀ।ਸਿੱਖ ਧਰਮ ਵਿੱਚ ਕਿਸਾਨੀ ਦਾ ਕਿੰਨਾ ਕੁ ਮਹੱਤਵ ਹੈ ਇਸ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ।ਕਿ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਤੋਂ ਬਾਅਦ ਆਪ ਖੇਤੀ ਕੀਤੀ। ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਸਾਰੀਆਂ ਉਦਾਹਰਣਾਂ ਕਿਸਾਨੀ ਅਤੇ ਖੇਤੀ ਨਾਲ ਸਬੰਧਤ ਹਨ। "ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥ ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥" ਅਰਥਾਤ ਮਨ ਤੂੰ ਹਾਲੀ ਵਰਗਾ ਉੱਦਮੀ ਬਣ, ਉੱਚੇ ਆਚਰਣ ਨੂੰ ਵਾਹੀ ਸਮਝ, ਮਿਹਨਤ ਪਾਣੀ ਹੈ ਅਤੇ ਸਰੀਰ ਪੈਲੀ ਹੈ, ਪ੍ਰਮਾਤਮਾ ਦਾ ਨਾਮ ਬੀਜ, ਸੰਤੋਖ ਸੁਹਾਗਾ ਹੈ ਅਤੇ ਸਾਦਾ ਜੀਵਨ ਰਾਖਾ ਹੈ। "ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹ ਪਛਾਣਹਿ ਸੇਇ॥"ਅਰਥਾਤ ਜੋ ਮਨੁੱਖ ਆਪਣੀ ਮਿਹਨਤ ਦੀ ਕਮਾਈ ਖਾਂਦਾ ਹੈ। ਅਤੇ ਉਸ ਕਮਾਈ ਵਿੱਚੋਂ ਕੁੱਝ ਹੋਰਨਾਂ ਨੂੰ ਵੀ ਦਿੰਦਾ ਹੈ, ਉਹ ਜ਼ਿੰਦਗੀ ਦਾ ਸਹੀ ਰਸਤਾ ਪਛਾਣਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੁਕਤੀ ਦਾ ਸੰਕਲਪ ਜੀਵਨ ਦੇ ਬਾਕੀ ਪੱਖਾਂ ਨਾਲੋਂ ਨਿਖੇੜ ਕੇ ਨਹੀਂ, ਸਗੋਂ ਜੀਵਨ ਦੀਸਮੁੱਚਤਾ ਵਿੱਚ ਹੈ। ਸੁਖਮਨੀ ਸਾਹਿਬ ਵਿਚ ਚਾਰ ਪਦਾਰਥਾਂ ਦਾ ਜ਼ਿਕਰ ਕੀਤਾ ਗਿਆ ਹੈ। ਇਹ ਹਨ ਧਰਮ, ਅਰਥ, ਕਾਮ ਤੇ ਮੋਕਸ਼। ਸ੍ਰੀ ਗੁਰੂ ਗ੍ਰੰਥ ਸਾਹਿਬ ਜੀਵਨ ਦੇ ਇਨ੍ਹਾਂ ਚਾਰ ਪੱਖਾਂ ਨੂੰ ਸੰਬੋਧਿਤ ਹਨ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੁੱਚੀ ਜੀਵਨ ਜਾਚ ਹਨ। "ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੈ ਹੋਵੈ ਮੁਕਤਿ॥" ਅਰਥਾਤ ਜੇ ਸਤਿਗੁਰੂ ਮਿਲ ਜਾਵੇ ਤਾਂ ਜਿਊਣ ਦੀ ਜਾਚ ਆ ਜਾਂਦੀ ਹੈ ਤੇ ਹੱਸਦਿਆਂ ਖੇਡਦਿਆਂ, ਖਾਂਦਿਆਂ-ਪਹਿਨਦਿਆਂ ਅਤੇ ਮਾਇਆ ਵਿਚ ਵਿਚਰਦਿਆਂ ਮੁਕਤੀ ਮਿਲ ਜਾਂਦੀ ਹੈ।ਜੀਵਨ ਜਾਚ ਦਰਸਾਉਣ ਲਈ ਖੇਤੀ ਤੇ ਕਿਸਾਨੀ ਨਾਲ ਸਬੰਧਤ ਬਹੁਤ ਸਾਰੀਆਂ ਉਦਾਹਰਣਾ ਹਨ। "ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥ ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥" ਅਰਥਾਤ ਜੱਟ ਬੀਜਦਾ ਤਾਂ ਕਿੱਕਰ ਹੈ ਪ੍ਰੰਤੂ ਚਾਹੁੰਦਾ ਹੈ ਕਿ ਉਸ ਨੂੰ ਅੰਗੂਰ ਮਿਲਣ। ਕੱਤਦਾ ਤਾਂ ਉੱਨ ਹੈ, ਪ੍ਰੰਤੂ ਚਾਹੁੰਦਾ ਹੈ ਕਿ ਉਸ ਨੂੰ ਰੇਸ਼ਮ ਮਿਲੇ। ਨਾਨਕ ਗੁਰੂ ਨ ਚੇਤਨੀ ਮਨਿ ਆਪੈ ਸੁਚੇਤ॥ ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥ ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥ ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥ ਅਰਥਾਤ ਜੋ ਮਨੁੱਖ ਸਤਿਗੁਰੂ ਨੂੰ ਚੇਤੇ ਨਹੀਂ ਕਰਦੇ ਅਤੇ ਆਪਣੇ ਆਪ ਨੂੰ ਬਹੁਤ ਸਿਆਣੇ ਤੇ ਹੁਸ਼ਿਆਰ ਸਮਝਦੇ ਹਨ, ਉਨ੍ਹਾਂ ਦੀ ਹਾਲਤ ਇਸ ਤਰ੍ਹਾਂ ਦੀ ਹੈ ਜਿਵੇਂ ਸੜੇ ਹੋਏ ਤਿਲਾਂ ਦੇ ਬੂਟੇ ਖੇਤ ਵਿੱਚ ਛੁੱਟੜ ਜਾਂ ਨਿਖਸਮੇ ਪਏ ਹੁੰਦੇ ਹਨ ਅਤੇ ਖੇਤ ਵਿੱਚ ਪਏ ਹੋਏ ਬੁਆੜ ਤਿਲਾਂ ਦੇ ਬੂਟਿਆਂ ਦੇ ਸੌ ਖਸਮ ਬਣ ਜਾਂਦੇ ਹਨ। ਇਹ ਬਦਕਿਸਮਤ ਬੂਟੇ ਫਲਦੇ ਵੀ ਹਨ, ਫੁੱਲਦੇ ਵੀ ਹਨ ਪਰ ਇਨ੍ਹਾਂ ਦੀਆਂ ਫਲੀਆਂ ਵਿੱਚ ਤਿਲਾਂ ਦੀ ਥਾਂ ਸੁਆਹ ਹੀ ਹੁੰਦੀ ਹੈ। "ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥ ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥ ਜੇ ਇਕੁ ਹੋਇ ਤ ਉਗਵੈ ਰੁਤਿ ਹੂ ਰੁਤਿ ਹੋਇ॥" ਅਰਥਾਤ ਸਾਡੇ ਜੀਵਨ ਵਿਚ ਸੋਚ ਦਾ ਕਾਲ ਪੈ ਗਿਆ ਹੈ ਅਤੇ ਉਸ ਵਿਚ ਕੂੜ ਹੀ ਕੂੜ ਭਰ ਗਿਆ ਹੈ, ਪਾਪਾਂ ਦੀ ਕਾਲਖ ਨਾਲ ਅਸੀਂ ਭੂਤਨੇ ਬਣੇ ਪਏ ਹਾਂ, ਸੱਚੇ ਧਰਮੀ ਤਾਂ ਸੱਚੇ ਨਾਮ ਦਾ ਬੀਜ ਬੀਜ ਕੇ ਇੱਜ਼ਤ ਰੂਪੀ ਧਰਮ ਦਾ ਫਲ ਲੈ ਗਏ ਹਨ। ਪਰ ਅਸੀਂ ਨਾਮ ਦੇ ਬੀਜ ਨੂੰ ਦਲਮਲ ਕੇ ਬੀਜਣਾ ਚਾਹੁੰਦੇ ਹਾਂ, ਜਿਵੇਂ ਦਲੀ ਹੋਈ ਦਾਲ ਬੀਜਣ ਨਾਲ ਅੰਕੁਰ ਨਹੀਂ ਫੁੱਟ ਸਕਦਾ। ਇਸੇ ਤਰ੍ਹਾਂ ਪ੍ਰਮੇਸ਼ਰ ਨੂੰ ਸੰਪੂਰਨ ਇਕਾਈ ਵਿੱਚ ਮੰਨਣ ਦੀ ਥਾਂਵੇ ਜੇ ਉਸ ਦੇ ਰੂਪ ਨੂੰ ਵੰਡਿਆ ਜਾਵੇ ਤਾਂ ਧਰਮ ਫਲੀਭੂਤ ਨਹੀਂ ਹੋ ਸਕਦਾ। ਧਰਮ ਉਸੇ ਹਾਲਤ ਵਿੱਚ ਫਲ ਸਕਦਾ ਹੈ ਜੇ ਉਸ ਦਾ ਅਧਾਰ ਇਕ ਸੰਪੂਰਨ ਰੱਬਹੋਏ ਅਤੇ ਧਰਮ ਦੇ ਬੂਟੇ ਨੂੰ ਵਧਣ ਲਈ ਯੋਗ ਰੁੱਤ ਹੋਵੇ। "ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ॥ ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ॥" ਅਰਥਾਤ ਜੋ ਕੁੱਝ ਮਨੁੱਖ ਦੇ ਦਿਲ ਵਿੱਚ ਹੁੰਦਾ ਹੈ ਉਹ ਕੁੱਝ ਬਾਹਰਲੀ ਜ਼ਿੰਦਗੀ ਵਿੱਚ ਪ੍ਰਗਟ ਹੋ ਹੀ ਜਾਂਦਾ ਹੈ, ਦਿਲ ਵਿੱਚ ਕੁੱਝ ਹੋਰ ਹੋਵੇ ਤੇ ਮੂੰਹੋਂ ਉਸ ਦੇ ਉਲਟ ਜੇ ਹੋਰ ਗੱਲਾਂ ਕੀਤੀਆਂ ਜਾਣ ਤਾਂ ਉਹ ਮੂੰਹ ਵਿਚੋਂ ਮਾਰੀ ਫੂਕ ਵਾਂਗ ਨਿਰਾਰਥਕ ਤੇ ਵਿਅਰਥ ਜਾਂਦੀਆਂ ਹਨ। ਮਨੁੱਖ ਬੀਜਦਾ ਤਾਂ ਜ਼ਹਿਰ ਹੈ ਪਰ ਇਸ ਜ਼ਹਿਰ ਦੀ ਬੀਜਾਈ ਵਿਚੋਂ ਅੰਮ੍ਰਿਤ ਦਾ ਫਲ ਚਾਹੁੰਦਾ ਹੈ, ਇਹ ਵੀ ਕੋਈ ਇਨਸਾਫ ਦੀ ਗੱਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਪੂਰਬੀ ਚਿੰਤਨ ਅਤੇ ਪੂਰਬੀ ਅਧਿਆਤਮਿਕਤਾ ਦੀ ਸਿਖਰ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਨੁੱਖੀ ਅਤੇ ਸਮਾਜੀ ਵਿਕਾਸ ਦੇ ਸਰਵੋਤਮ ਸਿਧਾਂਤ ਦਰਸਾਏ ਗਏ ਹਨ।ਸੰਸਾਰੀਕਰਨ ਸਰਮਾਏਦਾਰੀ ਵਿਵਸਥਾ ਦਾ ਸਭ ਤੋਂ ਉਪਰਲਾ ਪੱਧਰ ਹੈ। ਇਸ ਤਰ੍ਹਾਂ ਅੱਜ ਇਹ ਕਿਹਾ ਜਾ ਸਕਦਾ ਹੈ ਕਿ ਸੰਸਾਰੀਕਰਨ ਸਾਮਰਾਜ ਦੀ ਸਭ ਤੋਂ ਉਪਰਲੀ ਅਵੱਸਥਾ ਹੈ। ਜਿਸ ਤਰ੍ਹਾਂ ਸਾਮਰਾਜ ਦੀ ਚੱਲੀ ਆ ਰਹੀ ਸ਼ਰਮਾਏਦਾਰੀ ਵਿਵੱਸਥਾ ਨਾਲੋਂ ਕੁੱਝ ਵਿਸ਼ੇਸ਼ਤਾਈਆਂ ਸਨ, ਉਸੇ ਤਰ੍ਹਾਂ ਸੰਸਾਰੀਕਰਨ ਦੀਆਂ ਵੀ ਚੱਲੇ ਆ ਰਹੇ ਸਾਮਰਾਜ ਨਾਲੋਂ ਕੁੱਝ ਵਿਸ਼ੇਸ਼ਤਾਈਆਂ ਹਨ। ਸਾਮਰਾਜ ਵਿੱਚ ਵਿੱਤੀ ਸਰਮਾਇਆ ਅਤੇ ਦਸਤਕਾਰੀ ਸਰਮਾਇਆ ਮਿਲ ਜਾਂਦੇ ਹਨ। ਬਸਤੀਵਾਦ ਵਿੱਚ ਦੂਜੀਆਂ ਕੌਮਾਂ ਨੂੰ ਗੁਲਾਮ ਬਣਾਉਣ ਵਾਸਤੇ ਫੌਜੀ ਸ਼ਕਤੀ ਦੀ ਵਰਤੋਂ ਕੀਤੀ ਗਈ। ਪ੍ਰੰਤੂ ਸਾਮਰਾਜ ਵਿੱਚ ਸਰਮਾਏ ਦੇ ਜ਼ੋਰ ਨਾਲ ਹੀ ਦੂਜੀਆਂ ਕੌਮਾਂ ਨੂੰ ਗੁਲਾਮ ਬਣਾਇਆ ਗਿਆ।ਸੰਸਾਰੀਕਰਨ ਵਿਚ ਸਰਮਾਏ ਦੇ ਨਾਲ-ਨਾਲ ਸੱਭਿਆਚਾਰ ਅਤੇ ਤਕਨੀਕ ਨੂੰ ਵੀ ਦੂਜੀਆਂ ਕੌਮਾਂ ਨੂੰ ਗੁਲਾਮ ਬਣਾਉਣ ਦੇ ਸਾਧਨ ਵਜੋਂ ਵਰਤਿਆ ਜਾਂਦਾ ਹੈ।ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਬਸਤੀਵਾਦ ਜਿਸਮਾਨੀ ਗੁਲਾਮੀ ਸੀ, ਸਾਮਰਾਜ ਮਾਨਸਿਕ ਗੁਲਾਮੀ ਸੀ ਪ੍ਰੰਤੂ ਸੰਸਾਰੀਕਰਨ ਰੂਹ ਦੀ ਗੁਲਾਮੀ ਹੈ। ਅਜੋਕਾ ਸੰਸਾਰੀਕਰਨ ਸਿਰਫ ਆਰਥਿਕ ਸੰਸਾਰੀਕਰਨ ਹੈ ਅਤੇ ਇਸ ਵਿੱਚੋਂ ਨੈਤਿਕ ਪੱਖ ਸੱਖਣਾ ਹੈ। ਭਾਵੇਂ ਕਿ ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਨੇ ਜਿਸਮਾਨੀ ਤੌਰ 'ਤੇ ਸੰਸਾਰ ਨੂੰ ਇਕ ਇਕਾਈ ਵਿਚ ਬਦਲ ਦਿੱਤਾ ਹੈ ਪ੍ਰੰਤੂ ਹਾਲੇ ਇਸ ਸੰਸਾਰੀਕਰਨ ਕੋਲ ਵਿਸ਼ਵ ਦ੍ਰਿਸ਼ਟੀ ਨਹੀਂ ਹੈ। ਅੰਗਰੇਜ਼ੀ ਵਿੱਚ ਕਿਹਾ ਜਾ ਸਕਦਾ ਹੈ ਕਿ"ਗਲੋਬਲਾਈਜੇਸ਼ਨ ਵਿਦਆਉਟ ਏ ਗਲੋਬਲ ਪ੍ਰਸਪੈਕਟਿਵ।" ਇਹ ਹੀ ਅੱਜ ਦੇ ਸੰਸਾਰ ਦੀਆਂ ਸਮੱਸਿਆਵਾਂ ਦਾ ਮੁੱਖ ਕਾਰਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਜੋਕੇ ਨੈਤਿਕਤਾ ਤੋਂ ਸੱਖਣੇ ਸੰਸਾਰੀਕਰਨ ਨੂੰ ਨੈਤਿਕ ਪੱਖ ਅਤੇ ਵਿਸ਼ਵ-ਦ੍ਰਿਸ਼ਟੀ ਦੇ ਸਕਦੇ ਹਨ।ਸਿੱਖ ਇਨਕਲਾਬ ਨੇ ਪੰਜਾਬ ਦੀ ਕਿਸਾਨੀ ਨੂੰ ਜਥੇਬੰਦ ਅਤੇ ਜਾਗ੍ਰਿਤ ਕੀਤਾ। ਪੰਜਾਬ ਦੀ ਕਿਸਾਨੀ ਸਾਰੇ ਭਾਰਤੀ ਉਪਮਹਾਂਦੀਪ ਅਤੇ ਸ਼ਾਇਦ ਸਾਰੇ ਸੰਸਾਰ ਵਿੱਚ ਇਕ ਵਿਸ਼ੇਸ਼ ਸਥਾਨ ਰੱਖਦੀ ਹੈ। ਇਸੇ ਲਈ ਹਰੇ ਇਨਕਲਾਬ ਦੇ ਤਜ਼ਰਬੇ ਲਈ ਵੀ ਪੰਜਾਬ ਨੂੰ ਹੀ ਚੁਣਿਆ ਗਿਆ। ਹਰਾ ਇਨਕਲਾਬ ਸਾਮਰਾਜੀ ਵਿਕਾਸ ਦਾ ਨਮੂਨਾ ਸੀ। ਜਿੱਥੇ ਸਿੱਖ ਇਨਕਲਾਬ ਹੇਠ ਹੋਇਆ ਵਿਕਾਸ ਪੰਜਾਬੀ ਸੱਭਿਆਚਾਰ, ਪੰਜਾਬੀ ਕਦਰਾਂ ਕੀਮਤਾਂ ਅਤੇ ਪੰਜਾਬ ਦੀਆਂ ਪ੍ਰਸਥਿਤੀਆਂ ਅਤੇ ਵਿਸ਼ੇਸ਼ਤਾਈਆਂ ਦੇ ਅਨੁਕੂਲ ਸੀ ਅਤੇ ਇਨ੍ਹਾਂ ਦਾ ਅੰਦਰੂਨੀ ਵਿਕਾਸ ਵਿਗਸਿਤ ਸੀ, ਉੱਥੇ ਹਰੇ ਇਨਕਲਾਬ ਵਿਚਲਾ ਵਿਕਾਸ ਇਨ੍ਹਾਂ ਦੇ ਅਨੁਕੂਲ ਨਹੀਂ ਸੀ ਅਤੇ ਉਪਰੋਂ ਠੋਸਿਆ ਸੀ। ਇਸ ਲਈ ਹਰੇਇਨਕਲਾਬ ਹੇਠ ਹੋਏ ਵਿਕਾਸ ਨੇ ਜਿੱਥੇ ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਕਦਰਾਂ-ਕੀਮਤਾਂ ਨੂੰ ਖੋਰਾ ਲਾਇਆ ਹੈ, ਉੱਥੇ ਪੰਜਾਬ ਦੇ ਵਾਤਾਵਰਣ ਨੂੰ ਵੀ ਬਹੁਤ ਨੁਕਸਾਨ ਪਹੁੰਚਾਇਆ ਹੈ।ਇਸ ਵਿਕਾਸ ਨੇ ਪੰਜਾਬ ਵਿੱਚ ਆਵਾਸ ਅਤੇ ਪ੍ਰਵਾਸ ਦੇ ਰੁਝਾਨਾਂ ਨੂੰ ਪ੍ਰਭਾਵਿਤ ਕਰਨ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਕਿਰਤ ਨਾਲੋਂ ਤੋੜਨ ਦੀ ਪ੍ਰਕਿਰਿਆ ਵਿੱਚ ਯੋਗਦਾਨ ਪਾ ਕੇ ਪੰਜਾਬ ਨੂੰ ਸਮਾਜਿਕ ਅਰਾਜਿਕਤਾ ਵੱਲ ਧੱਕਣ ਵਿੱਚ ਵੀ ਯੋਗਦਾਨ ਪਾਇਆ ਹੈ।ਅੱਜ ਮੌਜੂਦਾ ਸੰਸਾਰੀਕਰਨ ਅਤੇ ਇਸ ਦਾ ਅਣ-ਐਲਾਨਿਆ ਨੇਤਾ ਅਮਰੀਕਾ ਬਹੁਤ ਹੀ ਗੰਭੀਰ ਸੰਕਟ ਵਿਚੋਂ ਲੰਘ ਰਹੇ ਹਨ। ਸਾਮਰਾਜੀ ਸੰਸਾਰੀਕਰਨ ਦੇ ਵਿਕਾਸ ਦਾ ਨਮੂਨਾ ਅਸਫਲ ਹੋ ਗਿਆ ਹੈ। ਅੱਜ ਸੰਸਾਰ ਨੂੰ ਇਕ ਬਦਲਵੇਂ ਵਿਕਾਸ ਦੇ ਨਮੂਨੇ ਦੀ ਲੋੜ ਹੈ। ਗੁਰੂ ਗ੍ਰੰਥ ਸਾਹਿਬ ਸੰਸਾਰ ਨੂੰ ਇਕ ਬਦਲਵਾਂ ਵਿਕਾਸ ਦਾ ਨਮੂਨਾ ਦੇਣ ਦੇ ਸਮਰੱਥ ਹਨ।ਪੱਛਮੀ ਸਾਮਰਾਜੀ ਵਿਕਾਸ ਦੇ ਨਮੂਨੇ ਦੇ ਅਸਫਲ ਹੋਣ ਦਾ ਮੁੱਖ ਕਾਰਨ ਇਹ ਹੈ ਕਿ ਇਸ ਵਿੱਚ ਕੁਦਰਤ ਨਾਲ ਸਹਿਹੋਂਦ ਦੀ ਬਜਾਇ ਕੁਦਰਤ 'ਤੇ ਜਿੱਤ ਪ੍ਰਾਪਤ ਕਰਨ ਦੀ ਭਾਵਨਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਵਿਕਾਸ ਦਾ ਨਮੂਨਾ ਕੁਦਰਤ ਦੇ ਸਤਿਕਾਰ, ਕੁਦਰਤ ਨਾਲ ਸਹਿਹੋਂਦ ਅਤੇ ਕੁਦਰਤ ਨਾਲ ਇਕਸੁਰਤਾ ਦੇ ਸਿਧਾਂਤਾਂ 'ਤੇ ਅਧਾਰਤ ਹੈ। ਜਿੱਥੇਪੱਛਮੀ ਸਾਮਰਾਜੀ ਵਿਕਾਸ ਨੇ ਮਨੁੱਖ ਨੂੰ ਕੁਦਰਤ ਨਾਲੋਂ ਤੋੜਿਆ ਹੈ, ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਨੁੱਖ ਨੂੰ ਕੁਦਰਤ ਨਾਲ ਜੋੜਨ ਲਈ ਪ੍ਰੇਰਿਆ ਗਿਆ ਹੈ, ਜਿੱਥੇ ਸਾਮਰਾਜੀ ਸੰਸਾਰੀਕਰਨ ਵਿੱਚ ਹੋਏ ਵਿਕਾਸ ਦਾ ਇਕੋ ਇਕ ਮੰਤਵ ਮੁਨਾਫਾ ਕਮਾਉਣਾ ਹੈ, ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਸਹਿਜ ਵਿਕਾਸ ਦਾ ਮਨੋਰਥ ਸਰਬੱਤ ਦਾ ਭਲਾ ਹੈ।ਜਿੱਥੇ ਮੌਜੂਦਾ ਸੰਸਾਰੀਕਰਨ ਕੋਲ ਕੋਈ ਵਿਸ਼ਵ ਭਾਈਚਾਰੇ ਦਾ ਸੰਕਲਪ ਨਹੀਂ ਹੈ, ਉੱਥੇ ਗੁਰੂ ਗ੍ਰੰਥ ਸਾਹਿਬ ਵਿੱਚ ਇਕ ਅਜਿਹੇ ਵਿਸ਼ਵ ਭਾਈਚਾਰੇ ਦਾ ਸੰਕਲਪ ਹੈ, ਜਿਸ ਵਿਚੋਂ ਕਿਸੇ ਵੀ ਮਨੁੱਖ ਨੂੰ ਬਾਹਰ ਨਹੀਂ ਰੱਖਿਆ ਜਾ ਸਕਦਾ। "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥"ਪੰਜਾਬ ਦੀ ਕਿਸਾਨੀ ਦੀਆਂ ਸ਼ਾਨਦਾਰ ਪ੍ਰੰਪਰਾਵਾਂ ਅਤੇ ਗੌਰਵਮਈ ਪ੍ਰਾਪਤੀਆਂ ਹਨ। ਆਪਣੇ ਸੱਭਿਆਚਾਰ ਅਤੇ ਆਪਣੀ ਵਿਰਾਸਤ ਦੇ ਨਰੋਏ ਤੱਤਾਂ ਨਾਲ ਜੁੜ ਕੇ ਅਤੇ ਪੰਜਾਬ ਦੀਆਂ ਵਿਸ਼ੇਸ਼ ਸਥਿਤੀਆਂ ਅਤੇ ਵਿਸ਼ੇਸ਼ਤਾਈਆਂ ਦੇ ਅਨੁਕੂਲ ਸਹਿਜ ਵਿਕਾਸ ਦਾ ਸਿਧਾਂਤ ਅਪਣਾ ਕੇ ਪੰਜਾਬ ਦੀ ਕਿਸਾਨੀ ਅੱਜ ਵੀ ਇਕ ਸੰਤੁਲਿਤ ਸਹਿਜ ਵਿਕਾਸ ਕਰਨ ਦੇ ਸਮਰੱਥ ਹੈ। ਸਾਡੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਸਿਰਫ ਧਾਰਮਿਕ ਗ੍ਰੰਥ ਹੀ ਨਹੀਂ ਹਨ, ਸਗੋਂ ਸਾਡੇ ਜੀਵਨ ਢੰਗ, ਸਾਡੇ ਸੱਭਿਆਚਾਰ, ਸਾਡੀਆਂ ਕਦਰਾਂ-ਕੀਮਤਾਂ, ਸਾਡੇ ਚਿੰਤਨ ਅਤੇ ਸਾਡੀ ਸੋਚ ਦੀ ਵੀ ਸਹੀ ਪ੍ਰਤੀਨਿਧਤਾ ਕਰਦੇ ਹਨ।ਅਸੀਂ ਆਪਣੇ ਜੀਵਨ ਨਾਲ ਜੁੜੇ ਹਰ ਮਸਲੇ ਲਈ ਸਹੀ ਸੇਧ ਗੁਰੂ ਗ੍ਰੰਥ ਸਾਹਿਬ ਤੋਂ ਲੈ ਸਕਦੇ ਹਾਂ। ਅੱਜ ਵੀ ਪੰਜਾਬ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸਹਿਜ ਵਿਕਾਸ ਦੇ ਨਮੂਨੇ ਤੋਂ ਸੇਧ ਲੈ ਕੇ ਵਿਕਾਸ ਦੇ ਸਫਲ ਤਜ਼ਰਬੇ ਹੋ ਰਹੇ ਹਨ। ਸੰਤ ਬਲਬੀਰ ਸਿੰਘ ਸੀਚੇਵਾਲ ਦਾ ਵੇਈ ਨਦੀ ਨੂੰ ਪ੍ਰਦੂਸ਼ਣ ਤੋਂ ਬਚਾਉਣ ਦਾ ਹੰਭਲਾ, ਸੰਤ ਸੇਵਾ ਸਿੰਘ ਦਾ ਹਜ਼ਾਰਾਂ ਦੀ ਗਿਣਤੀ ਵਿੱਚ ਰੁੱਖ ਲਾਉਣ ਦਾ ਅਤੇ ਪ੍ਰਿੰਸੀਪਲ ਸਰਵਨ ਸਿੰਘ ਵਿਰਕ ਦਾ ਪੰਜਾਬ ਦਾ ਸ਼ਾਂਤੀਨਿਕੇਤਨ ਬਣਾਉਣ ਦੇ ਤਜ਼ਰਬੇ ਗੁਰੂ ਗ੍ਰੰਥ ਸਾਹਿਬ ਤੋਂ ਲਈ ਸੇਧ ਅਨੁਸਾਰ ਸਫਲ ਵਿਕਾਸ ਦੇ ਨਮੂਨੇ ਕਹੇ ਜਾ ਸਕਦੇ ਹਨ।ਅੱਜ ਸਾਨੂੰ ਹੀਣ ਭਾਵਨਾ ਅਤੇ ਪੱਛਮੀ ਗੁਲਾਮ ਮਾਨਸਿਕਤਾ ਤਿਆਗ ਕੇ ਆਪਣੇ ਸੱਭਿਆਚਾਰ ਅਤੇ ਆਪਣੀ ਵਿਰਾਸਤ ਪ੍ਰਤੀ ਸਵੈਮਾਣ ਵਾਲਾ ਰਵੱਈਆ ਅਪਣਾਉਣਾ ਚਾਹੀਦਾ ਹੈ। ਅੱਜ ਸੰਸਾਰ ਨੂੰ ਪੱਛਮੀ ਉਲ੍ਹਾਰਵਾਦੀ ਪਦਾਰਥਵਾਦ ਦੀ ਥਾਂ 'ਤੇ ਪੱਛਮੀ ਪਦਾਰਥਵਾਦ ਅਤੇ ਪੂਰਬੀ ਅਧਿਆਤਮਿਕਤਾ ਵਿੱਚ ਸੰਤੁਲਨ ਸਥਾਪਤ ਕਰਨ ਵਾਲੀ ਸੋਚ ਦੀ ਲੋੜ ਹੈ। ਮਨੁੱਖ ਨੂੰ ਪਦਾਰਥ ਅਤੇ ਅਧਿਆਤਮ ਦੋਵਾਂ ਦੀ ਲੋੜ ਹੈ।

**ਡਾ. ਸਵਰਾਜ ਸਿੰਘ (ਪਟਿਆਲਾ)**

# ਪ੍ਰੇਸ਼ਾਨੀ ਮੁਕਤ ਜੀਵਨ ਜਿਊਣ ਦੇ ਗੁਰ

ਜੀਵਨ ਕੇਵਲ ਸੁੱਖ ਤੇ ਖ਼ੁਸ਼ੀ ਦਾ ਨਾਂਅ ਨਹੀਂ, ਸਗੋਂ ਸੰਘਰਸ਼, ਮਾਨਸਿਕ ਤਣਾਅ, ਦੁੱਖ, ਅਸਫ਼ਲਤਾ ਵੀ ਇਸ ਦਾ ਇਕ ਹਿੱਸਾ ਹੈ। ਅਜੋਕੇ ਪਦਾਰਥਵਾਦੀ ਯੁੱਗ ਵਿਚ ਜਿਥੇ ਪੈਸੇ ਦੀ ਦੌੜ ਵਧਦੀ ਜਾ ਰਹੀ ਹੈ, ਉਥੇ ਸਮੇਂ ਦੀ ਘਾਟ ਹੁੰਦੀ ਜਾ ਰਹੀ ਹੈ। ਜਿਸ ਵਿਚ ਆਪਣਾ ਸੁਖੀ ਜੀਵਨ ਬਿਤਾ ਸਕੀਏ, ਸੁੱਖ ਦਾ ਸਾਹ ਲੈ ਸਕੀਏ, ਚੈਨ ਦੀ ਨੀਂਦ ਸੌਂ ਸਕੀਏ। ਇਸ ਦੌੜ ਨੇ ਮਨ ਦੀ ਸ਼ਾਂਤੀ, ਸਕੂਨ, ਮੁਸਕਰਾਹਟ ਤੇ ਪਿਆਰ ਭਰਿਆ ਜੀਵਨ ਸਾਥੋਂ ਖੋਹ ਲਿਆ ਹੈ ਤੇ ਬਦਲੇ ਵਿਚ ਮਿਲੀਆਂ ਹਨ ਉਲਝਣਾਂ, ਤਣਾਅ, ਮਾਨਸਿਕ ਪ੍ਰੇਸ਼ਾਨੀ ਤੇ ਨਿਰੰਤਰ ਸੰਕਟ। ਭਾਵੇਂ ਇਹ ਸਭ ਕੁਝ ਜੀਵਨ ਦੇ ਆਰੰਭ ਤੋਂ ਹੀ ਜੀਵਨ ਦਾ ਹਿੱਸਾ ਰਿਹਾ ਹੈ, ਪਰ ਹੁਣ ਵਿਗਿਆਨ ਦੀ ਤਰੱਕੀ ਤੇ ਪਦਾਰਥਵਾਦੀ ਦੌੜ ਕਾਰਨ ਇਹ ਹਿੱਸਾ ਹਾਵੀ ਹੁੰਦਾ ਜਾ ਰਿਹਾ ਹੈ। ਅਜਿਹੇ ਹਾਲਾਤ ਵਿਚ ਲੋੜ ਹੈ ਇਹ ਸੋਚ-ਵਿਚਾਰ ਕਰਨ ਦੀ ਕਿ ਇਸ ਤਣਾਅ ਤੇ ਪ੍ਰੇਸ਼ਾਨੀ ਨੂੰ ਕਿਵੇਂ ਘਟਾਇਆ ਜਾਵੇ ਜਾਂ ਇਸ ਤੋਂ ਮੁਕਤੀ ਕਿਵੇਂ ਪਾਈ ਜਾ ਸਕੇ।ਪਹਿਲੀ ਗੱਲ ਤਾਂ ਇਹ ਹੈ ਕਿ ਪ੍ਰੇਸ਼ਾਨੀ ਦੇ ਕਾਰਨਾਂ ਨੂੰ ਸਹਿਜ ਭਾਵ ਨਾਲ ਵਿਚਾਰਿਆ ਜਾਵੇ, ਕਾਹਲੇ ਪੈਣ ਜਾਂ ਉਤਾਵਲੇ ਹੋਣ ਦੀ ਲੋੜ ਨਹੀਂ, ਕਿਉਂਕਿ ਕਿਸੇ ਵੀ ਸਮੱਸਿਆ ਦਾ ਹੱਲ ਸ਼ਾਂਤ, ਚਿੱਤ ਰਹਿ ਕੇ ਗੰਭੀਰਤਾ ਨਾਲ ਹੀ ਨਿਕਲ ਸਕਦਾ ਹੈ ਕਿਉਂਕਿ ਜੀਵਨ ਵਿਚ ਆਈ ਸਮੱਸਿਆ ਨੂੰ ਜੀਵਨ ਦਾ ਹਿੱਸਾ ਸਮਝ ਕੇ ਸਵੀਕਾਰ ਕਰੀਏ ਤੇ ਇਸ ਦਾ ਸਾਹਮਣਾ ਹੌਂਸਲੇ ਨਾਲ ਕਰੀਏ। ਆਪਣੇ ਅੰਦਰੋਂ ਜ਼ਿੰਦਾਦਿਲੀ ਤੇ ਜੋਸ਼ ਨੂੰ ਉਭਾਰੀਏ ਭਾਵ ਆਪਣੀ ਬੈਟਰੀ ਚਾਰਜ ਕਰਦੇ ਰਹੀਏ ਤਾਂ ਕਿ ਹਿੰਮਤ ਨਾਲ ਔਕੜਾਂ ਦਾ ਸਾਹਮਣਾ ਕੀਤਾ ਜਾ ਸਕੇ।ਦੂਸਰੀ ਗੱਲ ਆਪਣੇ ਰੋਜ਼ਾਨਾ ਜੀਵਨ ਦਾ ਟੀਚਾ ਮਿੱਥ ਕੇ ਦਿਨ ਦੀ ਸ਼ੁਰੂਆਤ ਸ਼ਾਂਤ-ਚਿਤ ਰਹਿ ਕੇ ਪ੍ਰਮਾਤਮਾ ਦਾ ਨਾਂਅ ਲੈ ਕੇ ਕਰੀਏ। ਕਿਸੇ ਦੇ ਉਕਸਾਉਣ 'ਤੇ ਆਪਣਾ ਮਾਨਸਿਕ ਸੰਤੁਲਨ ਨਾ ਗਵਾਈਏ। ਆਪਣੇ-ਆਪ ਨੂੰ ਬਦਲਦੇ ਹਾਲਾਤ ਮੁਤਾਬਿਕ ਢਾਲਣ ਦਾ ਯਤਨ ਕਰੀਏ। ਕਈ ਵਾਰ ਗਹਿਰ-ਗੰਭੀਰ ਤੇ ਸ਼ਾਂਤ ਰਹਿ ਕੇ ਰੂਟੀਨ ਵਿਚ ਆਈ ਤਬਦੀਲੀ ਸਫ਼ਲਤਾ ਵੱਲ ਜਾਂਦਾ ਰਾਹ ਉਲੀਕ ਦਿੰਦੀ ਹੈ।ਬ ਆਪਣੇ ਟੀਚੇ ਮਿਥਣ ਲੱਗਿਆਂ ਸੂਝ ਬੂਝ ਤੋਂ ਕੰਮ ਲੈਣਾ ਉਚਿਤ ਹੈ ਤੇ ਫਿਰ ਜਿੰਨੀ ਦ੍ਰਿੜਤਾ ਨਾਲ ਉਸ ਟੀਚੇ ਵੱਲ ਵਧਾਂਗੇ, ਓਨੇ ਹੀ ਸਫ਼ਲਤਾ ਦੇ ਨੇੜੇ ਤੇ ਪ੍ਰੇਸ਼ਾਨੀ ਤੋਂ ਦੂਰ ਹੁੰਦੇ ਜਾਵਾਂਗੇ। ਜ਼ਿੰਦਗੀ ਫੁੱਟਬਾਲ ਦੀ ਤਰਾਂ ਹੈ, ਆਪਣੀ ਦਿਮਾਗੀ ਮਸ਼ੀਨਰੀ ਨੂੰ ਗਤੀਸ਼ੀਲ ਰੱਖੋ, ਜਦ ਪਹਿਲੀ ਪੌੜੀ 'ਤੇ ਪੈਰ ਰੱਖੋਗੇ ਤਾਂ ਮਿਸ਼ਨ ਦੀ ਸੰਪੂਰਨਤਾ ਸਹਿਜੇ ਹੀ ਨੇੜੇ ਨਜ਼ਰ ਆਏਗੀ-ਸਵਾਲ ਟੀਚਾ ਹਾਸਲ ਕਰਨ ਦੀ ਤੀਬਰਤਾ ਦੀ ਹੋਂਦ ਦਾ ਹੈ।ਤੀਸਰੀ ਗੱਲ ਕੰਮ ਦੀ ਯੋਜਨਾ ਬਣਾਉਂਦੇ ਹੋਏ ਮਨ ਹੀ ਮਨ ਉਸ ਨੂੰ ਪੂਰਾ ਕਰਨ ਲਈ ਦ੍ਰਿੜਤਾ ਨਾਲ ਪ੍ਰਤੀਬੱਧ ਹੋਈਏ ਤੇ ਆਪਣੀ ਸੋਚ ਨੂੰ ਸਾਕਾਰਾਤਮਿਕ ਰੂਪ ਦੇਈਏ। ਇਸ ਨਾਲ ਆਸ ਦੀ ਕਿਰਨ ਨਜ਼ਰ ਆਉਣ ਦੀ ਸੰਭਾਵਨਾ ਹੋ ਸਕਦੀ ਹੈ ਤੇ ਪ੍ਰੇਸ਼ਾਨੀ ਤੋਂ ਮੁਕਤ ਹੋਣ ਦੀ। ਕਿਸੇ ਔਕੜ ਤੋਂ ਘਬਰਾਉਣ ਦੀ ਬਜਾਏ ਜੇ ਮਨ ਨੂੰ ਸੰਤੁਲਤ ਰੱਖ ਕੇ ਇਸ ਨੂੰ ਹੱਲ ਕਰਨ ਵੱਲ ਸੋਚ ਦੇ ਘੋੜੇ ਦੌੜਾਈਏ ਤੇ ਇਹ ਸੋਚੀਏ ਕਿ ਅਸੀਂ ਇਕੱਲੇ ਹੀ ਪ੍ਰੇਸ਼ਾਨ ਨਹੀਂ ਸਾਡੇ ਜਿਹੇ ਹੋਰ ਵੀ ਹਨ ਤਾਂ ਸੋਚ ਮਜਬੂਤ ਤੇ ਮਨ ਬਲਵਾਨ ਹੋਵੇਗਾ। ਸਚਾਈ ਤੇ ਸੂਝ-ਬੂਝ ਦੋਵੇਂ ਸਾਡੇ ਮਿੱਤਰ ਹਨ, ਸਚਾਈ ਨੂੰ ਸਮਝੋ, ਸ਼ਾਂਤ ਰਹੋ, ਆਪਣੇ ਦਿਲ ਦਿਮਾਗ ਦੇ ਬਾਦਸ਼ਾਹ ਬਣ ਕੇ ਵਿਚਰੋ ਤਾਂ ਵੇਖੋ ਪ੍ਰੇਸ਼ਾਨੀ ਦਾ ਹੱਲ ਕਿਵੇਂ ਨਹੀਂ ਨਿਕਲਦਾ। ਇਸ ਤੋਂ ਇਲਾਵਾ ਆਪਣੇ ਵਿਹਲੇ ਸਮੇਂ ਨੂੰ ਕਿਸੇ ਉਸਾਰੂ ਕੰਮ ਵੱਲ ਲਾਓ, ਹਉਮੈ ਨੂੰ ਕਾਬੂ ਵਿਚ ਰੱਖੋ, ਮਨ ਵਿਚ ਕਿਸੇ ਨਾਲ ਵੀ ਵੈਰ ਭਾਵ ਨਾ ਰੱਖੋ ਸਗੋਂ ਪਿਆਰ ਦੀ ਡੋਰੀ ਨਾਲ ਜੁੜੇ ਰਹੋ, ਇਸ ਨਾਲ ਮਨ ਨੂੰ ਸਕੂਨ ਮਿਲੇਗਾ ਤੇ ਪ੍ਰੇਸ਼ਾਨੀ ਤੋਂ ਛੁਟਕਾਰਾ ਵੀ।ਅਗਲੀ ਗੱਲ ਕਿਸੇ ਵੀ ਸੰਕਟ ਦੀ ਘੜੀ ਵਿਚ ਅਜਿਹੇ ਕੰਮਾਂ ਵਿਚ ਰੁਝ ਜਾਓ, ਜਿਸ ਨਾਲ ਮਨ ਤੇ ਰੂਹ ਨੂੰ ਸਕੂਨ ਮਿਲੇ। ਜਿਵੇਂ ਲੰਮੀ ਸੈਰ 'ਤੇ ਨਿਕਲ ਜਾਣਾ, ਲਾਇਬ੍ਰੇਰੀ ਵਿਚ ਬੈਠ ਕੇ ਪੁਸਤਕਾਂ ਪੜ੍ਹਨਾ, ਕੁਝ ਲਿਖਣਾ, ਸੰਗੀਤ ਸੁਣਨਾ ਜਾਂ ਸੌਂ ਕੇ ਦਿਮਾਗ ਨੂੰ ਆਰਾਮ ਦੇਣਾ। ਸੰਗੀਤ ਰੂਹ ਦੀ ਖੁਰਾਕ ਹੈ,ਮਨ ਨੂੰ ਸ਼ਾਂਤੀ ਤੇ ਟਿਕਾਅ ਬਖਸ਼ਦਾ ਹੈ। ਚਿੰਤਾ ਦੇ ਗੁਲਾਮ ਨਾ ਬਣੋ। ਈਰਖਾ, ਦੁਸ਼ਮਣੀ ਤੇ ਵਿਰੋਧ ਨੂੰ ਆਪਣੀ ਸੋਚ ਦਾ ਹਿੱਸਾ ਨਾ ਬਣਨ ਦਿਓ। ਇਕ ਚੀਨੀ ਕਹਾਵਤ ਹੈ, 'You can't stop the birds of the air from flying over your head but you need not let them nest in your hair.'ਆਪਣੀਆਂ ਸਮੱਸਿਆਵਾਂ ਬਾਰੇ ਸੋਚ-ਵਿਚਾਰ ਕਰੋ ਤੇ ਅਜਿਹੇ ਹਾਲਾਤ ਪੈਦਾ ਕਰਨ ਵਾਲੀ ਸਥਿਤੀ ਦਾ ਨਿਰੀਖਣ ਕਰੋ, ਦੋਸਤਾਂ-ਮਿੱਤਰਾਂ ਨਾਲ ਆਪਣੇ ਵਿਚਾਰ ਸਾਂਝੇ ਕਰੋ, ਸੋਚ ਨੂੰ ਉਸਾਰੂ ਪਾਸੇ ਲਾਓ ਤੇ ਗੁੱਸੇ ਉੱਤੇ ਕਾਬੂ ਰੱਖੋ। ਆਪਣੇ ਮਨ ਨੂੰ ਖ਼ੂਬਸੂਰਤ ਕਮਰੇ ਵਾਂਗ ਸਾਫ਼-ਸੁਥਰਾ, ਸ਼ਾਂਤ ਤੇ ਸੁੰਦਰ ਰੱਖੋ, ਪ੍ਰੇਸ਼ਾਨੀ ਤੋਂ ਭਾਂਜ ਦੀ ਨੀਤੀ ਨਾ ਅਪਣਾਓ, ਹਕੀਕਤ ਦਾ ਸਾਹਮਣਾ ਕਰੋ, ਜਿਥੋਂ ਤੱਕ ਹੋ ਸਕੇ ਕੁਦਰਤ ਨੂੰ ਮਾਣੋ ਜੋ ਮਨ ਨੂੰ ਸਕੂਨ ਦੇਣ ਲਈ ਵੱਡਾ ਸਹਾਰਾ ਹੈ। ਵਿਲੀਅਮ ਵਰਡਜ਼ਵਰਥ ਦੇ ਅਨੁਸਾਰ ਕੁਦਰਤ ਮਨੁੱਖ ਦੀ ਸਭ ਤੋਂ ਵੱਡੀ ਦੋਸਤ ਹੈ ਜੋ ਸਾਨੂੰ ਚਿੰਤਾਮੁਕਤ ਕਰਕੇ ਨਵਾਂ ਜੋਸ਼ ਭਰਦੀ ਹੈ, - ਖਿੜੇ ਹੋਏ ਫੁੱਲ ਖ਼ੁਸ਼ੀ ਦਾ ਸੁਨੇਹਾ ਦਿੰਦੇ ਹਨ। ਪਾਣੀ, ਝਰਨੇ, ਚਸ਼ਮੇ, ਪਹਾੜ, ਸਮੁੰਦਰ, ਘਾਟੀਆਂ ਆਦਿ ਮਨੁੱਖੀ ਮਨ ਉਤੇ ਸਕੂਨ ਭਰਿਆ ਪ੍ਰਭਾਵ ਛੱਡਦੇ ਹਨ। ਝਰਨੇ ਦਾ ਗੀਤ ਨਿਰੰਤਰ ਵਹਿੰਦੇ ਜੀਵਨ ਦਾ ਸੰਦੇਸ਼ ਹੈ। ਜਿਸ ਦੇ ਰਾਹ ਵਿਚ ਔਕੜਾਂ ਵੀ ਆਉਂਦੀਆਂ ਹਨ ਪਰ ਨਿਰੰਤਰ ਵਹਿੰਦਾ ਮੰਜ਼ਿਲ - ਵੱਲ ਵਧਦਾ ਜਾਂਦਾ ਹੈ। ਖ਼ਲੀਲ ਜਿਬਰਾਨ ਪ੍ਰਕ੍ਰਿਤੀ ਨੂੰ ਕੁਝ ਇਸ ਅੰਦਾਜ਼ ਵਿਚ ਚਿਤਰਦਾ ਹੈ:ਝਰਨੇ ਦੌੜੇ ਜਾਂਦੇ ਨੇ ਆਪਣੇ ਪ੍ਰੇਮ ਸਾਗਰ ਵੱਲ,ਫੁੱਲ ਮੁਸਕਰਾਉਂਦੇ ਨੇ ਵੇਖ ਪਿਆਰੇ ਸੂਰਜ ਵੱਲ,ਬੱਦਲ ਉਤਰਦੇ ਨੇ ਆਪਣੀ ਆਸ਼ਕ ਘਾਟੀ 'ਤੇ,ਤੇ ਦੇਂਦੇ ਨੇ ਸੰਦੇਸ਼ ਸਭੇ ਪ੍ਰੇਮ ਦਾ।ਮਨੁੱਖ ਲਈ ਵੀ ਇਹੀ ਸੰਦੇਸ਼ ਹੈ, ਖਿਤਿਜ ਦੇ ਉਸ ਪਾਰ - ਵੇਖੋ ਜਿਥੇ ਖ਼ੁਸ਼ੀਆਂ ਹੀ ਖ਼ੁਸ਼ੀਆਂ ਹਨ।

**ਡਾ. ਜਗਦੀਸ਼ ਕੌਰ ਵਾਡੀਆ**

# ਹਉਮੈ ਦਾ ਤਿਆਗ

ਜਗਤ ਦੀ ਰਚਨਾ ਦਾ ਅਧਾਰ ਵੀ ਹਉਮੈ ਹੈ, ਹਉਮੈ ਕਰ ਕੇ ਹੀ ਮੈਂ ਤੂੰ, ਇਹ ਉਹ ਆਦਿ ਹੋਂਦ ਵਿਚ ਆਉਂਦੇ ਹਨ। ਹਉਮੈ ਇਕ ਐਸੀ ਚਾਰ-ਦੀਵਾਰੀ ਹੈ, ਜੋ ਸਰਬ-ਵਿਆਪਕ ਆਤਮਾ ਤੋਂ ਨਿਖੇੜ ਕੇ ਜੀਵਾਤਮਾ ਬਣਾਉਂਦੀ ਹੈ। ਸਾਰੇ ਅਧਿਆਤਮਕ ਰੋਗਾਂ ਦੀ ਮਾਂ ਹਉਮੈ ਹੈ। ਹਜ਼ੂਰ ਨੇ ਇਸ ਨੂੰ ਦੀਰਘ-ਰੋਗ ਨਾਲ ਤੁਲਨਾ ਦਿੱਤੀ ਹੈ (ਹਉਮੈ ਦੀਰਘ ਰੋਗੁ ਹੈ)

ਹਉਮੈ ਕਰਕੇ ਸ੍ਰਿਸ਼ਟੀ ਦੁਖੀ ਹੈ ਤੇ ਵਿਰਲਾਪ ਕਰ ਰਹੀ ਹੈ

ਵਿਚਿ ਹਉਮੈ ਕਰਿ ਦੁਖੁ ਰੋਈ॥ (ਅੰਗ ੧੪੫)

ਕਈ ਜਗਤ ਸੁਧਾਰਕਾਂ ਨੇ ਹਉਮੈ ਨੂੰ ਦੂਰ ਕਰਨ ਦੀ ਥਾਂ ਸਗੋਂ ਇਨਸਾਨ ਦੀ ਹਉਮੈ ਨੂੰ ਜੋ ਅੱਗੇ ਹੀ ਇਸ ਨੂੰ ਨੀਵੇਂ ਪਾਸੇ ਲੈ ਜਾ ਰਹੀ ਹੈ ਹੋਰ ਪੁੱਠੇ ਪਾਉਣ ਦਾ ਯਤਨ ਕੀਤਾ ਹੈ। ਇਹ ਹਉਮੈ ਹੀ ਹੈ ਜੋ ਜੀਵਾਂ ਦੇ ਸ਼ੁਭ ਗੁਣ ਦੇ ਉਸਰੇ ਮੰਦਰਾਂ ਨੂੰ ਹੜ੍ਹ ਦੇ ਜਲ ਵਾਂਗ ਰੋੜ ਕੇ ਲੈ ਜਾਂਦੀ ਹੈ।

ਅਹੰਬੁਧਿ ਕਰਮ ਕਮਾਵਣੇ॥
ਗ੍ਰਿਹ ਬਾਲੂ ਨੀਰਿ ਬਹਾਵਣੇ॥

(ਅੰਗ ੨੧੧)

ਵਿਦਵਾਨਾਂ ਨੇ ਹਉਮੈ ਨੂੰ ਮਰੀ ਹੋਈ ਬਿੱਲੀ ਨਾਲ ਉਪਮਾ ਦਿੱਤੀ ਹੈ ਜੋ ਹਿਰਦੇ ਦੇ ਖੂਹ ਵਿਚ ਡਿੱਗੀ ਹੋਈ ਸ਼ੁਭ ਖਿਆਲਾਂ ਦੇ ਨਿਰਮਲ ਜਲ ਨੂੰ ਬਦਬੂਦਾਰ ਬਣਾ ਦੇਂਦੀ ਹੈ। ਇਸੇ ਲਈ ਆਪ ਨੇ ਇਸ ਦੇ ਤਿਆਗ ਤੇ ਵਧੇਰੇ ਜ਼ੋਰ ਦਿੱਤਾ ਹੈ। ਵਾਹਿਗੁਰੂ ਵਿਚ ਇਕਮਿਕ ਹੋਣ ਲਈ ਹਉਮੈ ਦਾ ਮੇਟਣਾ ਬਹੁਤ ਲਾਜ਼ਮੀ ਹੈ।ਹਉ ਹਉ ਮੈ ਮੈ ਵਿਚਹੁ ਖੋਵੈ॥ ਦੂਜਾ ਮੇਟੈ ਏਕੋ ਹੋਵੈ॥(ਸਿਧ ਗੋਸਟਿ- ਅੰਗ ੯੪੩)ਗੁਰਮੁਖ ਮਹਾਂਪੁਰਖ ਬਾਹਰੋਂ ਹਉਮੈ ਬੋਧਕ ਸ਼ਬਦ ਕਹਿਣ ਕਹਾਉਣ ਦੇ ਬਾਵਜ਼ੂਦ ਵੀ ਉਹ ਹਉਮੈ ਤੋਂ ਸਦਾ ਨਿਰਲੇਪ ਰਹਿ ਕੇ ਗੁਰਮੁਖ ਜੀਵਨ ਬਤੀਤ ਕਰਦਾ ਹੈ:-

ਬਾਹਰਹੁ ਹਉਮੈ ਕਹੈ ਕਹਾਏ॥ ਅੰਦਰਹੁ ਮੁਕਤੁ ਲੇਪੁ ਕਦੇ ਨ ਲਾਏ॥

(ਆਸਾ ਮਹਲਾ ੧- ਅੰਗ ੪੧੨)

**ਸਿੰਘ ਸਾਹਿਬ ਗਿ.ਕ੍ਰਿਪਾਲ ਸਿੰਘ (ਸਵ.)**

ਜਿਨ੍ਹਾਂ ਨੇ ਗੁਰੂ ਦੀ ਟੇਕ ਲਈ, ਭਾਵੇਂ ਉਹ ਕਿੰਨਾ ਭੱਟਕਦੇ ਸਨ, ਗੁਰੂ ਨੇ ਉਹਨਾਂ ਨੂੰ ਭਗਤੀ ਨਾਲ ਜੋੜ ਦਿੱਤਾ। ਭਗਤੀ ਦਾ ਟਿਕਾਅ ਗੁਰੂ ਤੋਂ ਬਿਨਾਂ ਨਹੀਂ। ਕਹਿਣ ਲੱਗੇ ਪਿਆਰੇ ਜੇ ਤੂੰ ਪਾਰ ਹੋਣਾ ਹੈ, ਤਾਂ ਸਿਮਰਨ ਦੀ ਬੇੜੀ ਵਿਚ ਬੈਠ। ਪੱਥਰ ਪਾਰ ਹੋ ਜਾਂਦਾ ਹੈ ਜੇ ਬੇੜੀ ਵਿਚ ਬੈਠਾ ਹੋਵੇ। ਅੰਮ੍ਰਿਤ ਬਚਨ ਹਨ ਸ੍ਰੀ ਗੁਰੂ ਅਮਰਦਾਸ ਜੀ ਦੇ-ਬਿਨੁ ਸਤਿਗੁਰ ਭਗਤਿ ਨ ਹੋਵਈ...ਸਤਿਗੁਰੂ ਤੋਂ ਬਿਨਾਂ ਪ੍ਰਮਾਤਮਾ ਦੀ ਭਗਤੀ ਨਹੀਂ। ਅਸੀਂ ਕਹਾਂਗੇ ਕਿ ਗੁਰੂ ਤੋਂ ਬਿਨਾਂ ਸਿੱਧੀ ਭਗਤੀ ਕਿਵੇਂ ਨਹੀਂ? ਉਦਾਹਰਨ ਮੈਂ ਦੇਵਾਂ, ਸਮੁੰਦਰ ਵਿਚ ਪਾਣੀ ਬਹੁਤ ਹੈ। ਪਰ ਜੇਕਰ ਕੋਈ ਬੰਦਾ ਸਿੱਧਾ ਜਾ ਕੇ ਸਮੁੰਦਰ ਦਾ ਪਾਣੀ ਪੀਣਾ ਸ਼ੁਰੂ ਕਰੇ ਤਾਂ ਉਸ ਬੰਦੇ ਦੀ ਪਿਆਸ ਨਹੀਂ ਬੁਝੇਗੀ। ਇਕ ਦਿਨ ਪਾਣੀ ਉਸਦੇ ਅੰਦਰ ਨੂੰ ਖੋਰਾ ਲਾ ਸਕਦਾ ਹੈ। ਉਸ ਪਾਣੀ ਵਿਚ ਜਿੰਨਾ ਮਰਜ਼ੀ ਕੋਈ ਟੁੱਬੀਆਂ ਮਾਰੇ ਪਰ ਪਰਤ ਕੇ ਜਿੰਨੀ ਦੇਰ ਤੱਕ ਬਾਹਰ ਇਸ਼ਨਾਨ ਨਹੀਂ ਕਰਦਾ, ਉਸਦੇ ਅੰਦਰ ਨੂੰ ਸ਼ਾਂਤੀ ਨਹੀਂ। ਬੱਦਲ ਬਣ ਕੇ ਆਏ ਤੇ ਉਹੀ ਪਾਣੀ ਵਰਸੇ ਤਾਂ ਜਿਹੜਾ ਖਾਰਾ ਸੀ ਉਹੀ ਮਿੱਠਾ ਲੱਗਣ ਲੱਗ ਪੈਂਦਾ ਹੈ। ਗੁਰੂ ਕੀ ਹੈ? ਅਸੀਂ ਵਾਹਿਗੁਰੂ ਵਾਹਿਗੁਰੂ ਕਰਦੇ ਹਾਂ, ਇਸਦਾ ਮਤਲਬ ਅਸੀਂ ਸਿੱਧਾ ਸਮੁੰਦਰ ਵੱਲ ਤੁਰੇ ਜਾਂਦੇ ਹਾਂ। ਪਿਆਰਿਆ! ਅਭੇਦ ਸਮੁੰਦਰ ਵਿਚ ਹੀ ਹੋਣਾ ਹੈ ਪਰ ਚੇਤੇ ਰੱਖੀਂ ਜਿਹੜਾ ਰਸ ਤੈਨੂੰ ਗੁਰੂ ਬੱਦਲ ਨੇ ਦੇ ਦੇਣਾ ਹੈ, ਉਹ ਰਸ ਤੈਨੂੰ ਆਪਣੇ ਆਪ ਜਾ ਕੇ ਨਹੀਂ ਮਿਲੇਗਾ।

**ਭਾਈ ਪਿੰਦਰਪਾਲ ਸਿੰਘ ਜੀ**

# ਸਿੰਧੀ ਸਮਾਜ ਨੂੰ ਗੁਰੂ ਨਾਨਕ ਨਿਰਮਲ ਪੰਥ ਦੇ ਕਲਾਵੇ ’ਚ ਲੈਣ ਦੀ ਲੋੜ

ਗੁਰੂ ਨਾਨਕ ਦੇਵ ਜੀ ਦਾ ਸਭ ਤੋਂ ਵੱਡਾ ਅਤੇ ਮੁੱਖ ਉਪਦੇਸ਼ ਰੱਬੀ ਏਕਤਾ ਅਤੇ ਮਨੁੱਖੀ ਬਰਾਬਰਤਾ ਵਾਲੇ ਸਮਾਜ ਦਾ ਸੰਕਲਪ ਸੀ। ਉਨ੍ਹਾਂ ਚਾਰ ਉਦਾਸੀਆਂ ਦੇ ਰੂਪ ’ਚ 48 ਹਜ਼ਾਰ ਮੀਲ ਪੈਦਲ ਸਫ਼ਰ ਕਰਕੇ ਗੁਰੂ ਨਾਨਕ ਨਿਰਮਲ ਪੰਥ ਦੀ ਨੀਂਹ ਰੱਖੀ। ਭਾਈ ਗੁਰਦਾਸ ਜੀ ਵੀ ਪਹਿਲੀ ਪਾਤਸ਼ਾਹੀ ਦੇ ਵਿਸ਼ਵ ਵਿਆਪੀ ਰੱਬੀ ਮਨੋਰਥ ਦੀ ਗਵਾਹੀ ਇਉਂ ਭਰਦੇ ਹਨ;ਬਾਬੇ ਭੇਖ ਬਣਾਇਆਚੜ੍ਹਿਆ ਸੋਧਣਿ ਧਰਤਿ ਲੁਕਾਈ।ਉਦਾਸੀ ਕੀ ਰੀਤਿ ਚਲਾਈ।ਇਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਜੀ ਸਿਰਫ਼ ਸਿੱਖ ਧਰਮ ਦੇ ਹੀ ਬਾਨੀ ਨਹੀਂ,ਬਲਕਿ ਉਨ੍ਹਾਂ ਨੂੰ ਦੁਨੀਆ ਦੇ ਹਰ ਕੋਨੇ ਦੇ ਲੋਕ ਆਪੋ-ਆਪਣੇ ਅਕੀਦੇ ਮੁਤਾਬਕ ਮੰਨਦੇ ਹਨ। ਦੁਨੀਆ ਦੇ ਵੱਖ-ਵੱਖ ਦੇਸ਼ਾਂ ’ਚ ਗੁਰੂ ਨਾਨਕ ਦੇਵ ਜੀ ਨੂੰ ਵੱਖ-ਵੱਖ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਸ੍ਰੀਲੰਕਾ ’ਚ ਨਾਨਕਚਾਰੀਆ, ਤਿੱਬਤ ’ਚ ਨਾਨਕ ਲਾਮਾ, ਸਿੱਕਮ ਤੇ ਭੂਟਾਨ ’ਚ ਗੁਰੂ ਰਿੰਪੋਚੀਆ, ਮੱਕਾ ’ਚ ਵਲੀ ਰਿੰਦ, ਰੂਸ ’ਚ ਨਾਨਕ ਕਦਾਮਦਰ, ਇਰਾਕ ’ਚ ਬਾਬਾ ਨਾਨਕ, ਨੇਪਾਲ ’ਚ ਨਾਨਕ ਰਿਸ਼ੀ, ਬਗ਼ਦਾਦ ’ਚ ਨਾਨਕ ਪੀਰ, ਮਿਸਰ ’ਚ ਨਾਨਕ ਵਲੀ ਅਤੇ ਚੀਨ ’ਚ ਬਾਬਾ ਫੂਸਾ ਦੇ ਨਾਵਾਂ ਨਾਲ ਉਨ੍ਹਾਂ ਨੂੰ ਚੇਤੇ ਕੀਤਾ ਜਾਂਦਾ ਹੈ।ਸਿੱਖ ਧਰਮ ਸਚਿਆਰ ਮਨੁੱਖ ਦੀ ਸਿਰਜਣਾ ਦਾ ਇਕ ਆਦਰਸ਼ਕ ਅਮਲ ਸੀ, ਜੋ 239 ਸਾਲਾਂ ਦੇ ਲੰਬੇ ਸਫ਼ਰ ਤੋਂ ਬਾਅਦ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾ ਸਾਜਨਾ ਦੇ ਨਾਲ ਸੰਪੂਰਨ ਹੋਇਆ। ਸਿੱਖੀ ਦੇ ਕੇਂਦਰ ਅਤੇ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਦੀ ਪਹੁੰਚ ਤੋਂ ਦੂਰ ਰਹਿ ਗਏ ਕਰੋੜਾਂ ਲੋਕ ਉਹ ਵੀ ਹਨ, ਜਿਹੜੇ ਖ਼ਾਲਸਾ ਪੰਥ ਦਾ ਅੰਗ ਬਣ ਕੇ ਸਿੱਖੀ ਦੀ ਮੁਕੰਮਲਤਾ ਦਾ ਹਿੱਸਾ ਤਾਂ ਨਹੀਂ ਬਣ ਸਕੇ ਪਰ ਉਹ ਆਪਣੇ ਰਹਿਬਰ ਗੁਰੂ ਨਾਨਕ ਦੇਵ ਜੀ ਨੂੰ ਮੰਨਦੇ ਹਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਅੱਜ ਵੀ ਆਪਣਾ ਅਕੀਦਾ ਧਾਰਦੇ ਹਨ। ਇਹ ਲੋਕ ‘ਗੁਰੂ ਨਾਨਕ ਨਾਮ ਲੇਵਾ’ ਸਦਾਉਂਦੇ ਹਨ। ਸਿੱਖਾਂ ਦੀ ਗਿਣਤੀ ਭਾਵੇਂ ਪੂਰੀ ਦੁਨੀਆ ’ਚ ਦੋ ਕਰੋੜ ਦੇ ਲਗਪਗ ਮੰਨੀ ਜਾਂਦੀ ਹੈ ਪਰ ‘ਗੁਰੂ ਨਾਨਕ ਨਾਮ ਲੇਵਾ’ ਵਿਸ਼ਵ ’ਚ ਸਵਾ 14 ਕਰੋੜ ਦੇ ਲਗਪਗ ਵੱਸਦੇ ਹਨ।ਗੁਰੂ ਨਾਨਕ ਨਾਮ ਲੇਵਾ ’ਚੋਂ ਹੀ ਇਕ ਪ੍ਰਮੁੱਖ ਭਾਈਚਾਰਾ ਹੈ, ਸਿੰਧੀ ਸਮਾਜ। ਸਿੰਧੀ ਸਮਾਜ ਦੇ ਲੋਕ ਆਪਣੇ ਆਪ ਨੂੰ ‘ਸਿੰਧੀ ਸਿੱਖ’ ਅਖਵਾਉਂਦੇ ਹਨ। ਸਿੰਧੀ ਸਮਾਜ ਦਾ ਸਿੱਖ ਧਰਮ ਨਾਲ ਰਿਸ਼ਤਾ ਲਗਪਗ 5 ਸਦੀਆਂ ਤੋਂ ਜੁੜਿਆ ਹੋਇਆ ਹੈ। ਭਾਵੇਂ ਸਿੰਧ ਸੂਬੇ ਵਿਚ ਰਹਿਣ ਵਾਲੇ ਸਿੰਧੀ ਅਖਵਾਉਂਦੇ ਹਨ ਪਰ ਸਿੰਧੀ ਸਮਾਜ ਦੇ ਲੋਕ ਆਪਣਾ ਸਬੰਧ ਸਿੰਧੂ ਘਾਟੀ ਦੀ ਸਭਿਅਤਾ ਨਾਲ ਵੀ ਦੱਸਦੇ ਹਨ। ਇਤਿਹਾਸ ਮੁਤਾਬਕ 1508 ਈਸਵੀ ਦੇ ਆਸ-ਪਾਸ ਗੁਰੂ ਨਾਨਕ ਦੇਵ ਜੀ ਮੱਕਾ ਤੇ ਮਦੀਨਾ ਨੂੰ ਜਾਂਦੇ ਹੋਏ ਭੁਜ ਅਤੇ ਕਛ ਗਏ ਸਨ। ਇਸ ਦੌਰਾਨ ਉੱਥੇ ਬਹੁਤ ਸਾਰੇ ਸਿੰਧੀ ਹਿੰਦੂ, ਮੁਸਲਮਾਨ ਅਤੇ ਸੂਫ਼ੀਆਂ ਨੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਸਿੰਧੀ ਸਮਾਜ ਉਸ ਵੇਲੇ ਤੋਂ ਗੁਰੂ ਨਾਨਕ ਦੇਵ ਜੀ ਦਾ ਮੁਰੀਦ ਬਣ ਗਿਆ। ਕੁਝ ਸਮਾਂ ਬਾਅਦ ਗੁਰੂ ਨਾਨਕ ਸਾਹਿਬ ਦੇ ਪੁੱਤਰ ਬਾਬਾ ਸ੍ਰੀ ਚੰਦ ਜੀ ਨੇ ਵੀ ਇਸ ਇਲਾਕੇ ’ਚ ਫੇਰੀ ਪਾਈ ਤਾਂ ਇਸ ਸਮਾਜ ਦੀ ਗੁਰੂ ਨਾਨਕ ਸਾਹਿਬ ਪ੍ਰਤੀ ਆਸਥਾ ਹੋਰ ਪਕੇਰੀ ਹੋ ਗਈ। ਬਾਬਾ ਸ੍ਰੀ ਚੰਦ ਜੀ ਨੇ ਇਸ ਇਲਾਕੇ ’ਚ ਕਈ ਧਰਮਸ਼ਾਲਾਵਾਂ ਵੀ ਕਾਇਮ ਕੀਤੀਆਂ। ਬਾਅਦ ਵਿਚ ਉਦਾਸੀ ਸੰਪਰਦਾਇ ਦੇ ਅਨੇਕਾਂ ਸਾਧੂਆਂ ਨੇ ਸਿੰਧ ਪ੍ਰਾਂਤ ਵਿਚ ਆਪਣੇ ਅਨੇਕਾਂ ਡੇਰੇ ਕਾਇਮ ਕੀਤੇ। ਸੱਖਰ ਦੇ ਨੇੜੇ ਸਿੰਧ ਨਦੀ ਦੇ ਇਕ ਟਾਪੂ ਵਿਚਸਥਿਤ ਸਾਧੁਬੇਲਾ, ਮੀਹਾਂ ਸ਼ਾਹੀ ਸ਼ਾਖ਼ਾ ਦੇ ਇਕ ਉਦਾਸੀ ਸਾਧੂ ਬਾਬਾ ਬਨਖੰਡੀ ਨੇ ਸੰਨ 1823 ਈਸਵੀ ਵਿਚ ਸਥਾਪਤ ਕੀਤਾ ਸੀ, ਜੋ ਹੁਣ ਮਹੱਤਵਪੂਰਨ ਤੀਰਥ ਵਜੋਂ ਪ੍ਰਸਿੱਧ ਹੋ ਚੁੱਕਾ ਹੈ। ਗੁਰੂ ਨਾਨਕ-ਵੰਸ਼ਜ ਬਾਬਾ ਗੁਰੂਪਤ ਨੇ ਸਿੰਧ ਸੂਬੇ ਵਿਚ ‘ਜਗਿਆਸੂ’ ਨਾਂਅ ਦੀ ਇਕ ਉਪ-ਸੰਪਰਦਾਇ ਵੀ ਪ੍ਰਚਲਿਤ ਕੀਤੀ। ਉਦਾਸੀ ਸਾਧੂ ਬਾਬਾ ਸਰੂਪ ਦਾਸ ਨੇ ਸ਼ਿਕਾਰਪੁਰ ਨਗਰ ਵਿਚ ਗੁਰੂ ਨਾਨਕ ਦੇਵ ਜੀ ਦੀ ਧਰਮ-ਸਾਧਨਾ ਦਾ ਕੇਂਦਰ ਸਥਾਪਿਤ ਕੀਤਾ।ਉਦਾਸੀ ਸਾਧੂਆਂ ਤੋਂ ਇਲਾਵਾ ਨਿਰਮਲੇ ਸੰਤਾਂ-ਮਹਾਤਮਾਵਾਂ ਨੇ ਵੀ ਸਿੰਧ ਵਿਚ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ ਅਤੇ ਅਨੇਕਾਂ ਡੇਰੇ ਸਥਾਪਿਤ ਕੀਤੇ। ਉੱਥੇ ਪ੍ਰਚਾਰ ਕਰਨ ਵਾਲਿਆਂ ਵਿਚ ਮਹੰਤ ਬੁੱਢਾ ਸਿੰਘ, ਸੰਤ ਗੁਲਾਬ ਸਿੰਘ, ਸੰਤ ਪ੍ਰੀਤਮ ਸਿੰਘ ਆਦਿ ਦੇ ਨਾਂ ਜ਼ਿਕਰਯੋਗ ਹਨ। ਇਨ੍ਹਾਂ ਗੁਰਮੁਖਾਂ ਨੇ ਉੱਥੇ ਕਈ ਗੁਰਦੁਆਰੇ ਸਥਾਪਿਤ ਕੀਤੇ।ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ, ਭਾਈ ਅਰਜਨ ਸਿੰਘ ਬਾਗੜੀਆਂ ਅਤੇ ਹਰਬੰਸ ਸਿੰਘ ਅਟਾਰੀ ਵਾਲੇ ਕਈ ਵਾਰ ਸਿੰਧ ਵਿਚ ਜਾ ਕੇ ਸਿੱਖੀ ਦਾ ਪ੍ਰਚਾਰ ਕਰਦੇ ਰਹੇ। ਇਨ੍ਹਾਂ ਤੋਂ ਇਲਾਵਾ ਸਿੰਧੀ ਸਿੱਖਾਂ ਨੇ ਖ਼ੁਦ ਵੀ ਸਿੱਖੀ ਦੇ ਪ੍ਰਚਾਰ ਵਿਚ ਬਹੁਤ ਦਿਲਚਸਪੀ ਵਿਖਾਈ। ਇਸ ਸਬੰਧੀ ਸਾਧੂ ਟੀ.ਐਲ. ਵਾਸਵਾਨੀ, ਦਾਦਾ ਚੇਲਾਰਾਮ ਆਦਿ ਸਾਧਕਾਂ ਦੇ ਨਾਂ ਖ਼ਾਸ ਤੌਰ ’ਤੇ ਜ਼ਿਕਰਯੋਗ ਹਨ। ਇਨ੍ਹਾਂ ਤੋਂ ਇਲਾਵਾ 1947 ਦੀ ਵੰਡ ਤੋਂ ਪਹਿਲਾਂ ਹਰ ਸਾਲ ਗੁਰਮਤਿ ਦੇ ਕਥਾਕਾਰ, ਪ੍ਰਚਾਰਕ ਅਤੇ ਕੀਰਤਨੀਏ ਸਿੱਖ ਸਿੰਧ ਪ੍ਰਾਂਤ ਵੱਲ ਪ੍ਰਚਾਰ ਕਰਨ ਲਈ ਜਾਂਦੇ ਰਹਿੰਦੇ ਸਨ। ਸਿੰਧੀਆਂ ਵਲੋਂ ਆਪਣੀਆਂ ਧਰਮਸ਼ਾਲਾਵਾਂ ਵਿਚ ਵੀ ਗੁਰਬਾਣੀ ਦਾ ਅਧਿਐਨ ਅਤੇ ਗਾਇਨ ਕੀਤਾ/ਸਿਖਾਇਆ ਜਾਂਦਾ ਸੀ। ਉਹ ਨਨਕਾਣਾ ਸਾਹਿਬ ਅਤੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ-ਦੀਦਾਰੇ ਕਰਨ ਆਉਂਦੇ ਰਹਿੰਦੇ ਸਨ। ਸਿੰਧੀਆਂ ਦੀ ਆਬਾਦੀ ਕਛ ਅਤੇ ਭੁਜ ਤੋਂ ਕਰਾਚੀ, ਹੈਦਰਾਬਾਦ ਤੱਕ ਫੈਲੀ ਹੋਈ ਸੀ।ਸੰਨ 1927 ਦੌਰਾਨ ਸਿੰਘ ਸਭਾ ਲਹਿਰ ਵੇਲੇ ਬਾਬਾ ਥਹਰੀਆ ਸਿੰਘ ਨੂੰ ਚੀਫ਼ ਖ਼ਾਲਸਾ ਦੀਵਾਨ ਵੱਲੋਂ ਸਿੰਧੀ ਸਿੱਖਾਂ ਵਿਚ ਗੁਰਮਤਿ ਦਾ ਪ੍ਰਚਾਰ ਕਰਨ ਲਈ ਭੇਜਿਆ ਗਿਆ ਅਤੇ ਉਨ੍ਹਾਂ ਨੇ ਸਿੰਧ ਦੇ ਕੰਧਾਨਗਰ (ਜ਼ਿਲ੍ਹਾ ਸਖਰਾ) ਨੂੰ ਆਪਣਾ ਕੇਂਦਰ ਬਣਾ ਕੇ ਸੰਤ ਗੁਰਮੁਖ ਸਿੰਘ ਜੀ ਕਾਰ-ਸੇਵਾ ਪਟਿਆਲਾ ਵਾਲੇ ਅਤੇ ਸੰਤ ਸ਼ਾਮ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਦੇ ਸਹਿਯੋਗ ਨਾਲ ਸਿੰਧੀ ਸਿੱਖਾਂ ਨੂੰ ਗੁਰਮਤਿ ਵਿਚ ਪ੍ਰਪੱਕ ਕਰਨ ਲਈ ਧਰਮ ਪ੍ਰਚਾਰ ਦੀ ਜ਼ੋਰਦਾਰ ਮੁਹਿੰਮ ਚਲਾਈ। ਨਤੀਜੇ ਵਜੋਂ ਇਸ ਇਲਾਕੇ ’ਚ ਸਿੱਖਾਂ ਦੀ ਗਿਣਤੀ ਵਿਚ ਵੱਡਾ ਵਾਧਾ ਹੋਣ ਲੱਗਾ। ਸਖਰਾ ਜ਼ਿਲ੍ਹੇ ਦੇ ਆਸ-ਪਾਸ ਦੇ ਇਲਾਕਿਆਂ ’ਚ ਸਿੱਖਾਂ ਦੀ ਆਬਾਦੀ, ਜੋ ਸੰਨ 1901 ਦੀ ਮਰਦਮਸ਼ੁਮਾਰੀ ਦੌਰਾਨ ਕੇਵਲ 1 ਹਜ਼ਾਰ ਦੇ ਕਰੀਬ ਸੀ, ਉਹ 1941 ਵਿਚ 40 ਹਜ਼ਾਰ ਨੂੰ ਪਾਰ ਕਰ ਗਈ। ਜੇ 1947 ਤੋਂ ਪਹਿਲਾਂ ਦੇ ਸਮੁੱਚੇ ਪਾਕਿਸਤਾਨੀ ਸਿੰਧ ਸੂਬੇ ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਦਾ ਹਵਾਲਾ ਲਿਆ ਜਾਵੇ ਤਾਂ ਇਸ ਇਲਾਕੇ ’ਚ ਡੇਢ ਤੋਂ ਦੋ ਲੱਖ ਦੇ ਕਰੀਬ ਸਿੰਧੀ ਸਿੱਖਾਂ ਦੀ ਆਬਾਦੀ ਦੱਸੀ ਜਾਂਦੀ ਸੀ। ਭਾਰਤ-ਪਾਕਿ ਵੰਡ ਤੋਂ ਬਾਅਦ ਬਹੁਤ ਸਾਰੇ ਸਿੰਧੀ ਪਰਿਵਾਰ ਸਿੰਧ ਸੂਬੇ ਤੋਂ ਹਿਜਰਤ ਕਰਕੇ ਭਾਰਤ ਦੇ ਗੁਜਰਾਤ, ਰਾਜਸਥਾਨ, ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ ਵਿਚ ਆ ਕੇ ਵੱਸ ਗਏ। ਭਾਰਤ ਵਿਚ ਇਸ ਵੇਲੇਸਿੰਧੀ ਭਾਈਚਾਰੇ ਦੀ ਆਬਾਦੀ 2 ਲੱਖ ਦੇ ਆਸ-ਪਾਸ ਮੰਨੀ ਜਾਂਦੀ ਹੈ ਜਦਕਿ ਪਾਕਿਸਤਾਨ ਦੇ ਸਿੰਧ ਸੂਬੇ ਵਿਚ ਅੱਠ ਤੋਂ ਦਸ ਹਜ਼ਾਰ ਦੇ ਲਗਪਗ ਸਿੰਧੀ ਸਿੱਖ ਰਹਿ ਗਏ ਹਨ।ਮਹਾਰਾਸ਼ਟਰ ਵਿਚ ਉਲਹਾਸਨਗਰ, ਜੋ ਮੁੰਬਈ ਦੇ ਨੇੜੇ ਪੈਂਦਾ ਹੈ, ਸਿੰਧੀ ਸਿੱਖਾਂ ਦਾ ਵੱਡਾ ਗੜ੍ਹ ਬਣ ਕੇ ਉੱਭਰ ਰਿਹਾ ਹੈ। ਇੱਥੋਂ ਦਾ ਗੁਰਦੁਆਰਾ ਗੁਰੂ ਨਾਨਕ ਦਰਬਾਰ ਦੇਸ਼-ਵਿਦੇਸ਼ ਦੇ ਸਿੱਖਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣ ਰਿਹਾ ਹੈ। ਉਲਹਾਸਨਗਰ ਵਿਚ 25 ਤੋਂ 30 ਹਜ਼ਾਰ ਦੇ ਲਗਪਗ ਸਿੰਧੀ ਸਿੱਖਾਂ ਦੀ ਆਬਾਦੀ ਦੱਸੀ ਜਾਂਦੀ ਹੈ। ਇੱਥੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਮੱਧ ਪ੍ਰਦੇਸ਼ ਦੇ ਇੰਦੌਰ ਸ਼ਹਿਰ ਵਿਚ ਵੀ ਸਿੰਧੀ ਸਮਾਜ ਦੀ ਬਹੁਤ ਵੱਡੀ ਆਬਾਦੀ ਰਹਿੰਦੀ ਹੈ। ਪੂਨਾ ਅਤੇ ਹੈਦਰਾਬਾਦ ਵਿਚ ਵੀ ਸਿੰਧੀ ਸਮਾਜ ਨੇ ਆਪਣੀ ਚੰਗੀ ਆਬਾਦੀ ਦੇ ਨਾਲ-ਨਾਲ ਮਿਹਨਤ, ਸਿਦਕਦਿਲੀ ਤੇ ਨੇਕ-ਨੀਅਤੀ ਦੇ ਨਾਲ ਆਪਣੇ ਚੰਗੇ ਵਪਾਰ ਸਥਾਪਿਤ ਕੀਤੇ ਹੋਏ ਹਨ।ਬਿਨਾਂ ਸ਼ੱਕ ਸਿੱਖ ਰਾਜ ਦਾ ਸੂਰਜ ਅਸਤ ਹੋਣ ਤੋਂ ਬਾਅਦ ਸਿੱਖ ਸਮਾਜ ਅੰਦਰ ਆਏ ਸਿਧਾਂਤਕ ਤੇ ਧਾਰਮਿਕ ਨਿਘਾਰ ਨੂੰ ਦੂਰ ਕਰਨ ਲਈ ਸਿੰਘ ਸਭਾ ਲਹਿਰ ਨੇ ਤਾਂ ਵੱਡੀ ਪੁਨਰ-ਜਾਗ੍ਰਿਤੀ ਲਿਆਂਦੀ ਪਰ ਇਸ ਤੋਂ ਬਾਅਦ ਪੰਥਕ ਸੰਸਥਾਵਾਂ ‘ਗੁਰੂ ਨਾਨਕ ਨਾਮ ਲੇਵਾ’ ਭਾਈਚਾਰਿਆਂ ਨੂੰ ਸਿੱਖ ਧਰਮ ਦੀ ਮੁੱਖ ਧਾਰਾ ਨਾਲ ਜੋੜੀ ਰੱਖਣ ਵਿਚ ਅਸਫਲ ਸਿੱਧ ਹੋਈਆਂ ਹਨ।

ਸਿੰਧੀ ਸਿੱਖ ਬੇਸ਼ੱਕ ਅੱਜ ਪੂਰੀ ਤਰ੍ਹਾਂ ਸਿੱਖ ਧਰਮ ਦੀ ਮੁੱਖ ਧਾਰਾ ਵਿਚ ਨਹੀਂ ਹਨ ਪਰ ਇਸ ਦੇ ਬਾਵਜੂਦ ਉਹ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਆਪਣੀ ਆਸਥਾ ਕਿਸੇ ਵੀ ਤਰ੍ਹਾਂ ਅੰਮ੍ਰਿਤਧਾਰੀ ਸਿੱਖਾਂ ਨਾਲੋਂ ਘੱਟ ਨਹੀਂ ਰੱਖਦੇ। ਕੇਸਾਂ ਦੀ ਰਹਿਤ ਰੱਖਣ ਵਿਚ ਪ੍ਰਪੱਕ ਨਾ ਹੋਣ ਦੇ ਬਾਵਜੂਦ ਉਹ ਆਪਣੇ ਜੀਵਨ ਦੇ ਸਾਰੇ ਸੰਸਕਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੀ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਆਪਣੇ ਘਰਾਂ ਵਿਚ ਪ੍ਰਕਾਸ਼ ਕਰਨੇ ਅਤੇ ਸਹਿਜ ਪਾਠ ਕਰਨੇ ਸਿੰਧੀ ਸਿੱਖਾਂ ਦੇ ਜੀਵਨ ਦਾ ਅਟੁੱਟ ਹਿੱਸਾ ਹੈ। ਇਕ-ਦੂਜੇ ਨੂੰ ਮਿਲਣ ਵੇਲੇ ‘ਧੰਨ ਗੁਰੂ ਨਾਨਕ’ ਕਹਿਣਾ ਅਤੇ ਹਮੇਸ਼ਾ ਨਿਮਰਤਾ ਵਿਚ ਰਹਿਣਾ ਉਨ੍ਹਾਂ ਦਾ ਸੁਭਾਅ ਹੈ।ਭਾਰਤ ਵਿਚ ਵੱਸਦੇ ਸਿੰਧੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਆਪਣੀ ਅਟੁੱਟ ਸ਼ਰਧਾ ਦੇ ਬਾਵਜੂਦ ਸਿੱਖਾਂ ਦੀ ਮੁੱਖ ਧਾਰਾ ਦੀ ਰਵਾਇਤੀ ਧਾਰਮਿਕ ਲੀਡਰਸ਼ਿਪ ਦੀ ਬੇਰੁਖੀ ਅਤੇ ਕੱਟੜਤਾ ਕਾਰਨ ਸਿੱਖ ਸਮਾਜ ਦਾ ਅਨਿੱਖੜਵਾਂ ਹਿੱਸਾ ਬਣਨ ਤੋਂ ਪਿੱਛੇ ਰਹਿ ਗਏ ਹਨ। ਪ੍ਰਮੁੱਖ ਸਿੱਖ ਸੰਸਥਾਵਾਂ ਦੇ ਅਵੇਸਲੇਪਨ ਦੌਰਾਨ ਇਨ੍ਹਾਂ ਦਾ ਝੁਕਾਅ ਨਿਰਮਲੇ ਤੇ ਉਦਾਸੀ ਸੰਪਰਦਾਵਾਂ ਵੱਲ ਵਧਿਆ, ਜਿਸ ਕਾਰਨ ਸਿੰਧੀ ਸਮਾਜ ਵਿਚ ਸਿੱਖ ਅਤੇ ਹਿੰਦੂ ਸੰਸਕਾਰਾਂ ਦਾ ਰਲਿਆ-ਮਿਲਿਆ ਪ੍ਰਭਾਵ ਦਿਖਾਈ ਦਿੰਦਾ ਹੈ। ਪਾਕਿਸਤਾਨੀ ਸਿੰਧੀ ਸਮਾਜ ਬੇਸ਼ੱਕ ਵੱਡੀ ਗਿਣਤੀ ਵਿਚ ਸਹਿਜਧਾਰੀ ਹੈ ਪਰ ਉਨ੍ਹਾਂ ਦੀ ਅਗਲੀ ਪੀੜ੍ਹੀ ਸਾਬਤ-ਸੂਰਤ ਸਿੱਖ ਬਣ ਰਹੀ ਹੈ। ਭਾਰਤ ਵਿਚ ਰਹਿੰਦੇ ਸਿੰਧੀ ਵੀ ਸਹਿਜਧਾਰੀ ਸਿੱਖ ਅਖਵਾਉਣਾ ਪਸੰਦ ਕਰਦੇ ਹਨ ਅਤੇ ਗੁਰਬਾਣੀ ਪ੍ਰਤੀ ਉਨ੍ਹਾਂ ਦੀ ਆਸਥਾ ਮਿਸਾਲੀ ਹੈ। ਇਸੇ ਕਾਰਨ ਹੀ ਸਿੰਧੀ ਪਰਿਵਾਰਾਂ ਵਿਚ ਆਪਣੇ ਘਰਾਂ ਅੰਦਰ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਪ੍ਰਕਾਸ਼ ਕਰਨਾ ਵੱਡੇ ਭਾਗਾਂ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ। ਇੰਦੌਰ ਵਿਚ ਵੀ ਲਗਪਗ ਹਰ ਸਿੰਧੀ ਪਰਿਵਾਰ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ। ਇਹ ਗੱਲ ਤਾਂ ਵਾਜਬ ਹੋ ਸਕਦੀ ਹੈ ਕਿ ਪੂਰੀ ਤਰ੍ਹਾਂ ਸਿੱਖ ਰਹਿਤ ਮਰਿਆਦਾ ਤੋਂ ਜਾਣੂ ਨਾ ਹੋਣ ਕਾਰਨ ਸਿੰਧੀ ਸਮਾਜ ਦੇ ਲੋਕ ਗੁਰੂ ਗ੍ਰੰਥ ਸਾਹਿਬ ਦੀ ਮਰਿਆਦਾ ਦਾ ਪੂਰਨ ਨਿਭਾਅ ਨਾ ਕਰ ਸਕਦੇ ਹੋਣ ਪਰ ਉਨ੍ਹਾਂ ਦੀ ਸ਼ਰਧਾ ’ਤੇ ਸ਼ੱਕ ਨਹੀਂ ਕੀਤਾ ਜਾ ਸਕਦਾ।

**ਤਲਵਿੰਦਰ ਸਿੰਘ ਬੁੱਟਰ**

# The Concept of Seva (Selfless Service) in Sikhism



Gurpreet Singh, Editor, Khalsa Akhbar

Sikhism is an action-oriented, life-centered, and welfare-based religion, in which the concept of seva (selfless service) holds a central place. Seva is not limited to a single religious ritual or practice; rather, it is the very soul of Sikh philosophy. According to Gurbani, the purpose of human life is not only to worship God but also to serve humanity. In Sikhism, seva is closely associated with the values of humility, equality, compassion, and selflessness.

**Meaning and Essence of Seva:** The word seva is derived from the Sanskrit root "sev," which means to serve others selflessly. In Sikhism, seva means:

•Serving without any desire for reward
•Serving without ego
•Serving all with a sense of equality
•Contributing to the welfare of society and creation through mind, body, and wealthGurbani describes seva as the path to liberation:

"ਸੇਵਾ ਕਰਤ ਹੋਇ ਨਿਹਕਾਮੀ।
ਤਿਸ ਕਉ ਹੋਤ ਪਰਾਪਤਿ ਸੁਆਮੀ॥"
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 286)

This verse clearly shows that selfless service connects a person to God.

**Guru Nanak Dev Ji and the Concept of Seva:** Guru Nanak Dev Ji, the founder of Sikhism, made seva an essential part of religious life. His famous principle:

"ਕਿਰਤ ਕਰੋ, ਨਾਮ ਜਪੋ, ਵੰਡ ਛਕੋ"

gives a comprehensive form to the concept of seva. "Vand Chhako" does not only mean sharing wealth, but also sharing time, energy, and support.Guru Nanak Dev Ji emphasized human equality, stating that no one is superior or inferior based on caste, religion, gender, or wealth. Therefore, seva is for everyone and by everyone.

**Seva in Gurbani:** Sri Guru Granth Sahib contains many teachings about seva. It is described as the cure for ego:

"ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥"
(ਅੰਗ 466)

One of the greatest cures for ego is seva. According to Gurbani, a person who serves others abandons the sense of "I" and "mine."

**Three Forms of Seva:** Body, Mind, and WealthIn Sikhism, seva is practiced in three main forms:

**1. Physical Service (ਤਨ ਸੇਵਾ):** This refers to service through physical effort, such as cooking langar, cleaning the Gurdwara, serving food, offering water, or helping the needy. Through this, a person learns humility and discipline.

**2. Mental Service (ਮਨ ਸੇਵਾ):** This involves service through thoughts and emotions, such as thinking positively about others, empathizing with the suffering, giving guidance, and sincerely praying for others.

**3. Financial Service (ਧਨ ਸੇਵਾ)**: This means donating a portion of one's honest earnings for the welfare of society. According to Sikh teachings, financial service is meaningful only when done selflessly.

**The Langar System:** A Living Symbol of SevaThe langar system is one of the most famous and unique examples of seva in Sikhism. Started by Guru Nanak Dev Ji and organized by Guru Angad Dev Ji and Guru Amar Das Ji, it represents equality and selfless service.Guru Amar Das Ji declared:

"ਪਹਿਲਾਂ ਪੰਗਤ, ਫਿਰ ਸੰਗਤ।" In langar, rich and poor, high and low, people of all castes and religions sit together and eat the same food. This reflects equality, service, and humanity.

**Seva in Sikh History:** Sikh history is filled with inspiring examples of seva:

•Bhai Kanhaiya Ji served water even to wounded enemy soldiers on the battlefield.
•Guru Tegh Bahadur Ji sacrificed his life to protect religious freedom and human rights.
•Guru Gobind Singh Ji united service, meditation, and martyrdom through the Khalsa Panth.

**Seva and Social Responsibility:**
In Sikhism, seva is not limited to the walls of the Gurdwara. Serving during times of injustice, poverty, illiteracy, illness, and disasters is a fundamental Sikh duty. Today, Sikh organizations worldwide provide disaster relief, medical camps, education, and hunger relief.

**Seva in the Modern World**: In today's materialistic age, where selfishness dominates, the Sikh concept of seva acts as a guiding light for humanity. Seva elevates a person not only spiritually, but also morally and socially.

**Conclusion**: In Sikhism, seva is not a separate activity but the very essence of religious life. Through seva, a person overcomes ego, embraces equality, and connects with God. According to Sikh philosophy, the one who truly serves others is the one who is truly religious.In the end, the Sikh concept of seva delivers a universal message to humanity:
ਸਰਬੱਤ ਦਾ ਭਲਾ (Welfare of all)

# ਡੰਫੁ



ਗਿ. ਗੁਰਜੀਤ ਸਿੰਘ ਪਟਿਆਲਾ, ਮੁੱਖ ਸੰਪਾਦਕ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰਬਾਣੀ ਦੇ ਵਿੱਚ 'ਡੰਫੁ' ਸ਼ਬਦ ਚਾਰ ਵਾਰ ਮੌਜੂਦ ਹੈ। ਪਹਿਲੀ ਵਾਰ ਗੋਇਲ ਜੋ ਆਪਣੀਆਂ ਗਾਵਾਂ ਨੂੰ ਗੋਇਲੀ ਦੇ ਵਿੱਚ ਚਰਾਉਣ ਦੇ ਵਾਸਤੇ ਆਇਆ ਤੇ ਉਸਨੇ ਡੰਫੁ ਦਾ ਪਸਾਰਾ ਕੀਤਾ, ਦੂਸਰੀ ਵਾਰ ਮਨਮੁਖ ਦੇ ਡੰਫ ਦਾ ਜ਼ਿਕਰ ਹੈ, ਤੀਸਰੀ ਵਾਰ ਸੁਖਮਨੀ ਸਾਹਿਬ ਦੇ ਵਿੱਚ ਮਨੁੱਖ ਡੰਫੁ ਕਰਦਾ ਹੈ, ਚੌਥੀ ਵਾਰ ਪਹਿਲੀ ਪਾਤਸ਼ਾਹ ਦੁਆਰਾ ਆਸਾ ਰਾਗ ਦੇ ਅੰਦਰ ਉਚਾਰਨ ਪੱਟੀ ਦੇ ਵਿੱਚ ਡਡੇ ਅੱਖਰ ਦਾ ਉਪਦੇਸ਼ ਡੰਫੁ ਤੋਂ ਸ਼ੁਰੂ ਹੁੰਦਾ:-ਡਡੈ ਡੰਫੁ ਕਰਹੁ ਕਿਆ ਪ੍ਰਾਣੀ ਜੋ ਕਿਛੁ ਹੋਆ ਸੁ ਸਭ ਚਲਣਾ॥ਤਿਸੈ ਸਰੇਵਹੁ ਤਾ ਸੁਖੁ ਪਾਵਹੁ ਸਰਬ ਨਿਰੰਤਰਿ ਰਵਿ ਰਹਿਆ॥(ਸ੍ਰੀ ਗੁਰੂ ਗ੍ਰੰਥ ਸਾਹਿਬ,੪੩੨)ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਦੇ ਵਿੱਚ 'ਡੰਫੁ' ਦੰਭੁ ਤੋਂ ਬਣਿਆ ਮੰਨ ਕੇ ਅਰਥ ਪਖੰਡ ਬਣਾਵਟ ਦੀ ਕਿਰਿਆ ਕਰਦੇ ਹਨ।ਭਾਈ ਵੀਰ ਸਿੰਘ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' ਦੇ ਅਨੁਸਾਰ 'ਡੰਫੁ' ਸੰਸਕ੍ਰਿਤ ਸ਼ਬਦ ਤੇ ਅਰਥ ਦੰਭੁ, ਡਿੰਡ, ਦਿਖਾਵਾ,ਪਸਾਰਾ ਆਦਿ ਕਰਦੇ ਹਨ। ਡਾਕਟਰ ਗੁਰਚਰਨ ਸਿੰਘ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' ਦੇ ਵਿੱਚ ਤੇ ਪ੍ਰੋਫੈਸਰ ਸਾਹਿਬ ਸਿੰਘ 'ਗੁਰਬਾਣੀ ਪਾਠ ਦਰਪਣ' ਦੇ ਵਿੱਚ ਉਪਰੋਕਤ ਵਿਦਵਾਨਾਂ ਵਾਲੇ ਹੀ ਅਰਥ ਕਰਦੇ ਹਨ: ਡੰਫੁ: ਡੰਡਾ ਫੁਰਮਾਨ ਦਾ ਸੰਖੇਪ ਹੈ।ਗੋਇਲ ਆਪਣੀਆਂ ਗਾਵਾਂ ਨੂੰ ਚਰਾਉਣ ਦੇ ਵਾਸਤੇ ਗੋਇਲੀ ਦੇ ਵਿੱਚ ਪਹੁੰਚਿਆ, ਉਹਨੇ ਆਪਣੀ ਥਾਂ ਮੁਕਰਰ ਕਰ ਲਈ, ਕਿ ਇੰਨੀ ਕੁ ਜਗ੍ਹਾ ਦੇ ਵਿੱਚ ਮੈਂ ਆਪਣੀਆਂ ਗਾਵਾਂ ਚਰਾਵਾਂਗਾ, ਜਦੋਂ ਦੂਸਰੇ ਗੁਆਲੇ ਆਏ ਤਾਂ ਉਹਨਾਂ ਨੂੰ ਕਹਿਣ ਲੱਗਾ ਕਿ ਇਹ ਮੇਰੀ ਥਾਂ ਹੈ, ਤੁਸੀਂ ਇੱਥੇ ਗਾਵਾਂ ਨਹੀਂ ਚਰਾ ਸਕਦੇ! ਉਹਨਾਂ ਨੇ ਵੀ ਸਹਿਜ ਸੁਭਾਏ ਸਵਾਲ ਪੁੱਛਿਆ, ਕੌਣ ਕਹਿੰਦਾ ਕਿ ਇਹ ਜਗ੍ਹਾ ਤੇਰੀ ਹੈ? ਉਹ ਅੱਗੋਂ ਕਹਿਣ ਲੱਗਾ, ਕਿ ਇਹ ਡੰਡਾ ਫਰਮਾਨ ਕਰਦਾ ਹੈ, ਉਸ ਦੇ ਡੰਡੇ ਦੇ ਵਿੱਚ ਤਾਕਤ ਸੀ ਤਾਕਤ ਦੇ ਸਦਕੇ ਉਹਨੇ ਉਹ ਜਗ੍ਹਾ ਮਲ ਲਈ। ਇਸੇ ਲਈ ਜਗਤ ਦੇ ਵਿੱਚ ਇਹ ਗੱਲ ਆਮ ਪ੍ਰਸਿੱਧ ਹੈ ਕਿ "ਜਿਸ ਦੀ ਲਾਠੀ ਉਸੇ ਦੀ ਭੈਂਸ।" ਸੰਸਾਰ ਦੇ ਵਿੱਚ ਕਹਿਣ ਨੂੰ ਜਿੰਨਾ ਮਰਜ਼ੀ ਲੋਕਤੰਤਰ ਦਾ ਪ੍ਰਚਾਰ ਕੀਤਾ ਜਾਵੇ ਪਰ ਜਿਨਾਂ ਦੀ ਲਾਠੀ, ਡੰਡੇ ਦੇ ਵਿੱਚ ਜ਼ੋਰ ਹੁੰਦਾ ਹੈ ਮਰਜ਼ੀ ਉਹਨਾਂ ਦੀ ਹੀ ਚੱਲਦੀ ਹੈ, ਤਕੜੇ ਦਾ ਸੱਤੀ ਵੀਹੀਂ ਸੌ ਵਾਲੀ ਕਹਾਵਤ ਹੁੰਦੀ ਹੈ। ਸਤਿਗੁਰੂ ਜੀ ਮਨੁੱਖ ਨੂੰ ਸਮਝਾਉਂਦੇ ਹਨ ਕਿ ਜੇ ਇਸ ਤਰ੍ਹਾਂ ਦੇ ਨਾਲ ਤੂੰ ਕਬਜ਼ਾ/ ਹਕੂਮਤ ਕਰ ਵੀ ਲਈ ਤੇ ਅਖੀਰ ਨੂੰ ਸਭ ਕੁਝ ਛੱਡ ਕੇ ਚਲਾ ਜਾਵੇਂਗਾ। ਮਨੁੱਖ ਡੰਡਾ ਫੁਰਮਾਨ 'ਡੰਫੁ' ਕਰ ਸਕਦਾ ਹੈ, ਪਰ ਇਸ ਦੇ ਨਾਲ ਆਤਮਕ ਆਨੰਦ ਨਹੀਂ ਮਿਲਦਾ, ਡੰਡੇ ਦੀ ਤਾਕਤ ਵਾਲੀ ਬਿਰਤੀ ਨੂੰ ਛੱਡ ਕੇ ਪਰਮਾਤਮਾ ਦੀ ਸ਼ਰਨ ਦੇ ਵਿੱਚ ਪੈਣ ਦੇ ਨਾਲ ਹੀ ਸਦੀਵੀਂ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਸਾਹਿਬ ਦੀ ਇਹ ਗੱਲ ਡੂੰਘੇ ਅਰਥਾਂ ਵਿਚ ਸਮਝਣ ਵਾਲੀ ਹੈ ਜੋ ਕਿ ਮਨੁੱਖ ਦੇ ਅੰਦਰ ਸ਼ਾਂਤੀ, ਸਹਿਜ, ਸਬਰ ਤੇ ਸੰਤੋਖ ਨੂੰ ਪੈਦਾ ਕਰਨ ਦਾ ਅਸਲ ਸਰੋਤ ਹੈ।




ਜੇ ਆਤਮ ਸਮਰਪਣ ਨਹੀਂ ਹੋਇਆ ਤਾਂ ਅਰਦਾਸ ਸ਼ੁਰੂ ਹੀ ਨਹੀਂ ਹੋ ਸਕਦੀ।ਅਰਦਾਸ ਕੇਵਲ ਕੁਝ ਬੋਲ ਬੋਲਣ ਦਾ ਨਾਮ ਨਹੀਂ ਸਗੋਂ ਪੂਰੇ ਦਿਲੋਂ ਕੀਤੀ ਬੇਨਤੀ ਹੈ ਉਸ ਮਹਾਨ ਸ਼ਕਤੀ ਅੱਗੇ ਜੋ ਹਰਥੇ ਹਾਜ਼ਰ ਨਾਜ਼ਰ ਹੈ। ਇਹ ਉਸ ਨਾਲ ਸਪਰਸ਼ ਕਾਇਮ ਕਰਨ ਦੀ ਜੋਦੜੀ ਹੁੰਦੀ ਹੈ। ਇਸ ਅੰਦਰ ਇਕ ਉਮਾਹ ਹੁੰਦਾ ਹੈ ਉਸ ਸਰਬ ਵਿਆਪਕ ਹੋਂਦ ਨਾਲ ਜੁੜਨ ਦਾ, ਜਿਸ ਅੰਦਰ ਸਭ ਕੁਝ ਸਮਾਇਆ ਹੋਇਆ ਹੈ ਤੇ ਜੋ ਸਭ ਕਾਸੇ ਤੋਂ ਵੱਡੀ ਅਸਲੀਅਤ ਹੈ। ਇਸ ਨੂੰ ਕਿਸੇ ਵਸਤ ਵਾਂਗ ਨਹੀਂ ਵੇਖਿਆ ਜਾ ਸਕਦਾ। ਨਾ ਹੀ ਵਸਤਾਂ ਵਾਂਗ ਸਮਝਿਆ ਜਾ ਸਕਦਾ ਹੈ, ਨਾ ਮਹਿਸੂਸਿਆ। ਸਮਸਤ ਸ਼ਕਤੀਆਂ ਦੇ ਉਸ ਸੋਮੇ ਪੁਰ ਧਿਆਨ ਕੇਂਦਰਿਤ ਕਰਨਾ ਅਰਦਾਸ ਲਈ ਪਹਿਲਾ ਕਦਮ ਹੋਣਾ ਚਾਹੀਦਾ ਹੈ। ਸੱਚੇ ਮਨੋਂ ਕੀਤੀ ਅਰਦਾਸ ਨਾਲ ਅਰਦਾਸੀਆ ਪ੍ਰਾਣੀ ਕੇਵਲ ਆਪਣੀ ਬੇਨਤੀ ਹੀ ਰੱਬ ਦੇ ਧਿਆਨ ਕੇਂਦਰਿਤ ਨਹੀਂ ਕਰਵਾ ਸਕਦਾ, ਸਗੋਂ ਉਹ ਅਨੇਕਾਂ ਪਰਾ-ਮਾਨਵੀ ਸ਼ਕਤੀਆਂ ਦਾ ਸੁਆਮੀ ਵੀ ਹੋ ਸਕਦਾ ਹੈ, ਕਿਉਂਕਿ ਸਰਬ ਸ਼ਕਤੀਮਾਨ ਮਾਲਕ ਉਸ ਦੇ ਨੇੜੇ ਜੁ ਹੋ ਜਾਂਦਾ ਹੈ:ਜਿਸੁ ਤੂੰ ਦੇਹਿ ਤਿਸੁ ਸਭੁ ਕਿਛੁ ਮਿਲੈ ਇਕਨਾ ਦੂਰਿ ਹੈ ਪਾਸਿ॥ਅਰਦਾਸ ਰਾਹੀਂ ਸਾਧਕ ਆਪਣਾ ਦੁੱਖ ਸੁੱਖ ਉਸ ਅੱਗੇ ਫੋਲਦਾ ਹੈ, ਜੋ ਉਸ ਦੇ ਕਹਿਣ ਤੋਂ ਪਹਿਲਾਂ ਹੀ ਸਭ ਕੁਝ ਜਾਣਦਾ ਹੈ:ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ॥ਅਰਦਾਸ ਕਰਨਾ ਤਾਂ ਆਪਣੇ ਪਰਮ ਪਿਆਰੇ ਪਿਤਾ ਨਾਲ ਗੱਲਬਾਤ ਕਰਨ ਦਾ ਅਉਸਰ ਲੈਣਾ ਹੈ, ਜਿਸ ਦਾ ਦਿੱਤਾ ਹੋਇਆ ਸਭ ਕੁਝ ਹੈ-ਇਹ ਸਰੀਰ ਵੀ, ਇਹ ਜਾਨ ਵੀ:ਜੀਉ ਪਿੰਡੁ ਸਭੁ ਤਿਸ ਕਾ ਸਿਫਤਿ ਕਰੇ ਅਰਦਾਸਿ॥ਅਰਦਾਸ ਕੀਤਿਆਂ ਪਵਿੱਤਰ ਰੂਹਾਨੀ ਲਹਿਰਾਂ ਉਪਜਦੀਆਂ ਹਨ, ਜਿਨ੍ਹਾਂ ਸਦਕੇ ਅੰਦਰ ਇਕ ਵਿਸਮਾਦਜਨਕ ਸ਼ਾਂਤੀ ਵਰਤਦੀ ਹੈ। ਇਸ ਸ਼ਾਂਤੀ ਰਾਹੀਂ ਫਿਰ ਸਾਧਕ ਦੀ ਭਾਵੁਕ ਜ਼ਿੰਦਗੀ ਵਿਚ ਸੱਛਤਾ ਢਲਦੀ ਹੈ। ਉਸ ਮਾਲਿਕ ਨਾਲ ਪਿਆਰ ਵੀ ਪੈਂਦਾ ਹੈ ਤੇ ਪਾਵਨ ਭਉ ਵਿਚ ਉਸ ਅੱਗੇ ਸਿਰ ਵੀ ਝੁਕਦਾ ਹੈ:ਦੁਇ ਕਰ ਜੋੜਿ ਖੜੀ ਤਕੈ ਸਚੁ ਕਹੈ ਅਰਦਾਸਿ॥ ਲਾਲਿ ਰਤੀ ਸਚ ਭੈ ਵਸੀ ਭਾਇ ਰਤੀ ਰੰਗਿ ਰਾਸਿ॥ਜਦੋਂ ਅਰਦਾਸ ਨਿਹਕੇਵਲ ਭਗਤੀ ਦਾ ਮਾਧਿਅਮ ਬਣਦੀ ਹੈ ਤਾਂ ਕਾਮਨਾਵਾਂ ਸ਼ੁੱਧ ਹੋ ਜਾਂਦੀਆਂ ਹਨ, ਸੰਸਾਰਕ ਬੰਧਨ ਢਿੱਲੇ ਪੈ ਜਾਂਦੇ ਹਨ ਤੇ ਕਰਤਾਰ ਵਿਚ ਅਮੁੱਕ ਵਿਸ਼ਵਾਸ ਤੇ ਸਿਦਕ ਉਤਪੰਨ ਹੁੰਦਾ ਹੈ। ਇਉਂ ਮਨ ਉੱਚਤਮ ਅਧਿਆਤਮਕ ਅਨੁਭਵ ਲਈ ਤਿਆਰ ਹੋ ਜਾਂਦਾ ਹੈ।

**ਡਾ. ਜਸਵੰਤ ਸਿੰਘ ਨੇਕੀ**

ਸੰਸਾਰ ਦਾ ਦਰਸ਼ਨ ਸੁੱਤੇ ਹੀ ਹੁੰਦਾ ਰਹਿੰਦਾ ਹੈ। ਐਸੇ ਵਿਰਲੇ ਹਨ-ਜਿਨ੍ਹਾਂ ਕੋਲ ਸੰਸਾਰ ਨੂੰ ਵੇਖਣ ਲਈ ਅੱਖ ਨਾ ਹੋਵੇ । ਅੱਖਾਂ ਦੇ ਅੰਧੇ ਘੱਟ ਹਨ, ਪਰ ਮਨ ਦੇ ਅੰਧਿਆਂ ਨਾਲ ਜਗਤ ਭਰਿਆ ਪਿਆ ਹੈ । ਜਿਸ ਕਰਕੇ ਨਿਰੰਕਾਰ ਦਰਸ਼ਨ ਦੁਰਲਭ ਹੋ ਗਿਆ ਹੈ । ਅੱਖ, ਆਵਾਜ਼ (ਖੜਾਕ) ਨਾਲ ਖੁਲ੍ਹਦੀ ਹੈ । ਗੁਰੂ ਦੀ ਆਵਾਜ਼ (ਸ਼ਬਦ) ਜਦ ਅੰਤਰ ਤਕ ਚੋਟ ਕਰਦੀ ਹੈ ਤਾਂ ਅੰਤ੍ਰ ਜਾਗ ਚਾਨਣ ਹੋ ਜਾਂਦਾ ਹੈ।ਮਨੁੱਖ ਅੰਦਰੋਂ ਤਾਂ ਅਨੰਤ ਜਨਮਾਂ ਤੋਂ ਸੁੱਤਾ ਪਿਆ ਹੈ । ਸੁੱਤੇ ਹੋਏ ਲਈ ਤਾਂ ਅੰਧਕਾਰ ਅੰਧਕਾਰ ਹੀ ਹੈ । ਜਦ ਸ਼ਬਦ ਦੀ ਚੋਟ ਨਾਲ ਜਾਗ੍ਰਤੀ ਨਸੀਬ ਹੁੰਦੀ ਹੈ ਤਾਂ ਜੋ ਮਹਾਨ ਚਾਨਣ ਹੁੰਦਾ ਹੈ, ਉਹੀ ਬ੍ਰਹਮ ਸਰੂਪ ਹੈ :



ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਕੀ ਸੋਈ ਜਾਗੀ॥ (ਅੰਗ ੨੦੪)

**ਗਿ. ਸੰਤ ਸਿੰਘ ਜੀ ਮਸਕੀਨ**

ਖ਼ਾਲਸਾ ਅਖ਼ਬਾਰ



# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਦਖਲ ਤੋਂ ਬਾਅਦ ਲੁਧਿਆਣਾ ’ਚ ਸਿੱਖ ਨੌਜਵਾਨ ਨਾਲ ਕੁੱਟਮਾਰ ਦੇ ਮਾਮਲੇ ਵਿੱਚ ਦੋਸ਼ੀਆਂ ਵਿਰੁੱਧ ਪਰਚੇ ਦਰਜ

ਸ੍ਰੀ ਅੰਮ੍ਰਿਤਸਰ-ਬੀਤੇ ਦਿਨੀਂ ਲੁਧਿਆਣਾ ਵਿਖੇ ਇੱਕ ਸਿੱਖ ਨੌਜਵਾਨ ਟੈਕਸੀ ਚਾਲਕ ਸ. ਰਣਜੋਤ ਸਿੰਘ ਨਾਲ ਪੁਲਿਸ ਚੌਂਕੀ ਵਿਖੇ ਕੀਤੀ ਗਈ ਕੁੱਟਮਾਰ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਸਖ਼ਤ ਨੋਟਿਸ ਤੋਂ ਬਾਅਦ ਦੋਸ਼ੀ ਪੁਲਿਸ ਮੁਲਾਜ਼ਮਾਂ ਅਤੇ ਨੌਜਵਾਨ ਨਾਲ ਦੁਰਵਿਵਹਾਰ ਕਰਨ ਤੇ ਸਿੱਖ ਧਰਮ ਬਾਰੇ ਮੰਦਾ ਬੋਲਣ ਵਾਲੇ ਦੋਸ਼ੀ ਵਿਅਕਤੀਆਂ ਵਿਰੁੱਧ ਲੁਧਿਆਣਾ ਦੇ ਡੀਵੀਜਨ 8 ਪੁਲਿਸ ਥਾਣੇ ਵਿੱਚ ਅੱਜ ਦੋ ਵੱਖ-ਵੱਖ ਪਰਚੇ ਦਰਜ ਹੋ ਗਏ ਹਨ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੀਡੀਆ ਸਲਾਹਕਾਰ ਸ. ਜਸਕਰਨ ਸਿੰਘ ਨੇ ਦੱਸਿਆ ਕਿ 26 ਜਨਵਰੀ ਨੂੰ ਲੁਧਿਆਣਾ ਵਾਸੀ ਸ. ਰਣਜੋਤ ਸਿੰਘ ਜੋ ਕਿ ਟੈਕਸੀ ਚਲਾਉਣ ਦਾ ਕੰਮ ਕਰਦਾ ਹੈ ਜਦੋਂ ਲੁਧਿਆਣਾ ਸ਼ਹਿਰ ਅੰਦਰ ਜਾ ਰਿਹਾ ਸੀ ਤਾਂ ਉਸ ਦੀ ਗੱਡੀ ਤੋਂ ਦੂਜੀ ਗੱਡੀ ਨਾਲ ਖਹਿ ਵੱਜ ਗਈ ਸੀ। ਇਸ ਤੋਂ ਬਾਅਦ ਦੂਜੀ ਗੱਡੀ ਵਿੱਚੋਂ ਤਿੰਨ ਵਿਅਕਤੀਆਂ ਨੇ ਉਸ ਨੂੰ ਅਗਾਂਹ ਘੇਰ ਕੇ ਉਸ ਨਾਲ ਦੁਰਵਿਵਹਾਰ ਕਰਨ ਦੇ ਨਾਲ-ਨਾਲ ਉਸ ਦੀ ਗੱਡੀ ਉੱਤੇ ਲੱਗੀ ਕੌਮੀ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਦੀ ਤਸਵੀਰ ਪਾੜਣ ਦੀ ਕੋਸ਼ਿਸ਼ ਕੀਤੀ ਅਤੇ ਸਿੱਖ ਧਰਮ ਬਾਰੇ ਮੰਦਾ ਬੋਲਿਆ। ਉਨ੍ਹਾਂ ਕਿਹਾ ਕਿ ਦੋਸ਼ੀ ਵਿਅਕਤੀਆਂ ਨੇ ਫ਼ੋਨ ਕਰਕੇ ਪੁਲਿਸ ਮੁਲਾਜ਼ਮਾਂ ਨੂੰ ਸੱਦਿਆ ਜੋ ਮੌਕੇ ਤੋਂ ਸ. ਰਣਜੋਤ ਸਿੰਘ ਨੂੰ ਆਪਣੀ ਗੱਡੀ ਵਿੱਚ ਬੈਠਾ ਕੇ ਲੁਧਿਆਣਾ ਸ਼ਹਿਰ ਦੀ ਕੈਲਾਸ਼ ਪੁਲਿਸ ਚੌਂਕੀ ਲੈ ਗਏ ਅਤੇ ਉਸ ਨਾਲ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਸ. ਜਸਕਰਨ ਸਿੰਘ ਨੇ ਕਿਹਾ ਕਿ ਇਸ ਘਟਨਾ ਸਬੰਧੀ ਸ. ਰਣਜੋਤ ਸਿੰਘ ਵੱਲੋਂ ਪਾਈ ਗਈ ਵੀਡੀਓ ਅਤੇ ਉਸਦੇ ਪਰਿਵਾਰ ਵੱਲੋਂ ਪੁਲਿਸ ਮੁਲਾਜ਼ਮਾਂ ਅਤੇ ਦੋਸ਼ੀ ਵਿਅਕਤੀਆਂ ਵਿਰੁੱਧ ਕਾਰਵਾਈ ਲਈ ਕੀਤੇ ਰੋਸ ਪ੍ਰਦਰਸ਼ਨ ਦਾ ਸਖ਼ਤ ਨੋਟਿਸ ਲੈਂਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਲੁਧਿਆਣਾ ਸ਼ਹਿਰ ਦੇ ਪੁਲਿਸ ਕਮਿਸ਼ਨਰ ਸ੍ਰੀ ਸਵਪਨ ਸ਼ਰਮਾ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਇਸ ਮਾਮਲੇ ਵਿੱਚ ਤੁਰੰਤ ਸਖ਼ਤ ਕਾਰਵਾਈ ਕਰਨ ਲਈ ਆਖਿਆ ਅਤੇ ਕਿਹਾ ਕਿ ਜੇਕਰ ਉਹ ਅਜਿਹਾ ਨਹੀਂ ਕਰਦੇ ਤਾਂ ਉਹ ਖੁਦ ਰੋਸ ਵਾਲੀ ਥਾਂ ਉੱਤੇ ਪਹੁੰਚ ਕੇ ਪੀੜਤ ਸਿੱਖ ਦਾ ਸਾਥ ਦੇਣਗੇ। ਜਿਸ ਤੋਂ ਬਾਅਦ ਲੁਧਿਆਣਾ ਪੁਲਿਸ ਨੇ ਸ. ਰਣਜੋਤ ਸਿੰਘ ਦੀ ਸ਼ਿਕਾਇਤ ਉੱਤੇ ਪੁਲਿਸ ਮੁਲਾਜ਼ਮਾਂ ਅਤੇ ਦੋਸ਼ੀ ਵਿਅਕਤੀਆਂ ਦੇ ਵਿਰੁੱਧ ਪਰਚਾ ਦਰਜ ਕਰ ਦਿੱਤਾ ਹੈ।ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪੰਜਾਬ ਅੰਦਰ ਕਿਸੇ ਵੀ ਸਿੱਖ ਨੌਜਵਾਨ ਨਾਲ ਧੱਕਾ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਅਤੇ ਜਿਹੜੇ ਵੀ ਵਿਅਕਤੀ ਕਿਸੇ ਧਰਮ ਬਾਰੇ ਮੰਦੀ ਭਾਵਨਾ ਰੱਖਦੇ ਹਨ ਪ੍ਰਸ਼ਾਸਨ ਨੂੰ ਉਨ੍ਹਾਂ ਉੱਤੇ ਕਾਰਵਾਈ ਕਰਨੀ ਚਾਹੀਦੀ ਹੈ।



ਉਨ੍ਹਾਂ ਕਿਹਾ ਕਿ ਅਜਿਹੇ ਸਮਾਜ ਵਿਰੋਧੀ ਅਨਸਰਾਂ ਨੂੰ ਠੱਲ੍ਹਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਪੁਲਿਸ ਮੁਲਾਜ਼ਮਾਂ ਨੇ ਕਾਨੂੰਨ ਦੀ ਰਾਖੀ ਕਰਨੀ ਹੈ ਜੇਕਰ ਉਹੀ ਕਾਨੂੰਨ ਦੀ ਉਲੰਘਣਾ ਕਰਨਗੇ ਤਾਂ ਆਮ ਲੋਕ ਨਿਆਂ ਲਈ ਕਿੱਥੇ ਜਾਣਗੇ।

## ਅਮਰ ਸ਼ਹੀਦ ਸੰਤ ਬਾਬਾ ਜਰਨੈਲ. ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਤਸਵੀਰ ਟੈਕਸੀ ਤੇ ਲਗਾਉਣ ਕਰਕੇ ਇਕ ਨੌਜਵਾਨ ਦੀ ਪੁਲਿਸ ਵੱਲੋਂ ਬੇਰਹਿਮੀ ਨਾਲ ਕੀਤੀ ਗਈ ਕੁੱਟਮਾਰ ਕਰਨ ਦੀ ਸਖਤ ਸ਼ਬਦਾ ‘ਚ ਨਿਖੇਧੀ ਕਰਦੇ ਹਾਂ : - ਸੰਤ ਬਾਬਾ ਹਰਨਾਮ ਸਿਘ ਜੀ ਖਾਲਸਾ ਮੁਖੀ ਦਮਦਮੀ ਟਕਸਾਲ



ਲੁਧਿਆਣਾ-ਲੁਧਿਆਣਾ ’ਚ ਬੀਤੇ ਦਿਨੀ ਇਕ ਸਿੱਖ ਨੌਜਵਾਨ ਦੀ ਪੁਲਿਸ ਵੱਲੋਂ ਬੇਰਹਿਮੀ ਨਾਲ ਕੁੱਟਮਾਰ ਦਾ ਮਾਮਲਾ ਦੇਖਣ ਨੂੰ ਮਿਲ ਰਿਹਾ ਹੈ ਜੋ ਕਿ ਅਤਿ ਨਿੰਦਣ ਯੋਗ ਘਟਨਾ ਹੈ । ਪਤਾ ਲੱਗਾ ਹੈ ਕਿ ਇਸ ਨੌਜਵਾਨ ਦੀ ਟੈਕਸੀ ਤੇ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਤਸਵੀਰ ਲੱਗੀ ਹੋਈ ਸੀ ਜਿਸ ਨੂੰ ਦੇਖ ਕਿ ਪੁਲਿਸ ਮੁਲਾਜ਼ਮਾਂ ਵੱਲੋਂ ਨੌਜਵਾਨ ਦੀ ਕੁੱਟਮਾਰ ਕੀਤੀ ਗਈ । ਏਥੇ ਦੱਸਣਾ ਬਣਦਾ ਹੈ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੂੰ ਸ਼੍ਰੀ ਅਕਾਲ ਤਖਤ ਸਾਹਿਬ ਜੀ ਵੱਲੋ. 20ਵੀਂ ਸਦੀ ਦੇ ਮਹਾਨ ਸਿੱਖ ਹੋਣ ਦਾ ਮਾਣ ਪ੍ਰਾਪਤ ਹੈ ,ਜਿੰਨਾਂ ਨੇ ਸ਼੍ਰੀ ਅਕਾਲ ਤਖਤ ਸਾਹਿਬ ਜੀ ਦੀ ਰੱਖਿਆ ਲਈ ਮਹਾਨ ਸ਼ਹੀਦੀ ਦਿੱਤੀ ਹੈ ।ਏਸੇ ਕਰਕੇ ਨੌਜਵਾਨੀ ਸੰਤਾਂ ਨੂੰ ਦਿਲ ਤੋਂ ਪਿਆਰ ਕਰਦੀ ਹੈ ਤਾਂ ਕਰਕੇ ਉਹਨਾਂ ਦੀਆਂ ਤਸਵੀਰਾਂ ਗੱਡੀਆਂ ਤੇ ਲਾਉਦੀ ਹੈ । ਦੱਸਣਾ ਬਣਦਾ ਹੈ ਸਿੱਖ ਵਿਰੋਧੀ ਏਜੰਸੀਆਂ ਵੱਲੋਂ ਸੰਤਾਂ ਨੂੰ ਹਰ ਸਮੇਂ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ ਅਤੇ ਸੰਤਾਂ ਨੂੰ ਅੱਤਵਾਦੀ ਕਿਹਾ ਜਾਂਦਾ ਹੈ ਜਦਕਿ ਸੰਤ ਬਾਬਾ ਜਰਨੈਲ ਸਿੰਘ ਸਭ ਧਰਮਾ ਦਾ ਸਤਿਕਾਰ ਕਰਨ ਵਾਲੇ ਮਹਾਨ ਤਪੱਸਵੀ ਸੂਰਬੀਰ ਯੋਧੇ ਸਨ ।ਇਕ ਵਾਰ ਫਿਰ ਅਸੀ ਨੌਜਵਾਨ ਤੇ ਹੋਏ ਬੇਤਹਾਸਾ ਤਸੱਦਦ ਦੀ ਜਥੇਬੰਦੀ ਦਮਦਮੀ ਟਕਸਾਲ ਵੱਲੋਂ ਸਖਤ ਸ਼ਬਦਾ ‘ਚ ਨਿਖੇਦੀ ਕਰਦੇ ਹਾਂ ਅਤੇ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਨੂੰ ਅਪੀਲ ਕਰਦੇ ਹਾਂ ਕਿ ਜਿਹੜੇ ਵੀ ਮੁਲਾਜਮਾ ਨੇ ਇਹ ਘਿਨਾਉਣੀ ਹਰਕਤ ਕੀਤੀ ਹੈ ਉਹਨਾਂ ਕੋਲੋ ਮਾਫੀ ਮੰਗਵਾਈ ਜਾਵੇ ਅਤੇ ਉਹਨਾਂ ਤੇ ਬਣਦੀਆਂ ਧਾਰਵਾਂ ਲਾਕੇ ਸ਼ਖਤ ਤੋਂ ਸਖਤ ਸਜਾ ਦਿੱਤੀ ਜਾਵੇ।

## ਜਥੇਦਾਰ ਗੜਗੱਜ ਨੇ ਭਾਈ ਗੁਰਸੇਵਕ ਸਿੰਘ ਦੇ ਅਕਾਲ ਚਲਾਣੇ 'ਤੇ ਪੋਸਟ ਸਾਂਝੀ ਕਰ ਕੇ ਕੀਤਾ ਦੁੱਖ ਵਿਅਕਤ



ਸ੍ਰੀ ਅੰਮ੍ਰਿਤਸਰ-ਪੰਥ ਦੇ ਮਹਾਨ ਤਬਲਾਵਾਦਕ ਤੇ ਉਸਤਾਦ ਭਾਈ ਗੁਰਸੇਵਕ ਸਿੰਘ ਗੋਨਿਆਣਾ ਵਾਲੇ, ਜੋ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਵੀ ਸੇਵਾਵਾਂ ਨਿਭਾਉਦੇ ਰਹੇ ਨੇ, ਉਹ 25 ਜਨਵਰੀ ਨੂੰ ਇੱਕ ਸੜਕ ਹਾਦਸੇ ਦਾ ਸ਼ਿਕਾਰ ਹੋ ਗਏ ਸਨ ਅਤੇ ਏਮਸ ਹਸਪਤਾਲ ਬਠਿੰਡਾ ਵਿਖੇ ਜ਼ੇਰੇ ਇਲਾਜ ਸਨ। ਅਕਾਲ-ਪੁਰਖ ਦੇ ਭਾਣੇ ਅਨੁਸਾਰ ਅੱਜ ਉਹ ਅਕਾਲ ਚਲਾਣਾ ਕਰ ਗਏ। ਇਹ ਖਬਰ ਉਨਾਂ ਦੇ ਪਰਿਵਾਰ ਅਤੇ ਉਨਾਂ ਦੇ ਮਾਂ ਬਾਪ ਲਈ ਬਹੁਤ ਹੀ ਜ਼ਿਆਦਾ ਦੁਖਦਾਈ ਹੈ।

ਇਸ ਦੇ ਨਾਲ ਹੀ ਅਜਿਹੇ ਗੁਣੀ ਗਿਆਨੀ ਗੁਰਮੁਖ ਦਾ ਵਿਛੋੜਾ ਕੌਮ ਲਈ ਵੀ ਬਹੁਤ ਵੱਡਾ ਘਾਟਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਇਸ ਦੁੱਖ ਭਰੀ ਘੜੀ ਦੇ ਵਿੱਚ ਪਰਿਵਾਰ ਦੇ ਨਾਲ ਖੜ੍ਹਾ ਹੈ ਅਤੇ ਹਮੇਸ਼ਾ ਖੜਾ ਰਹੇਗਾ।

ਸੱਚੇ ਪਾਤਸ਼ਾਹ ਅੱਗੇ ਅਰਦਾਸ ਹੈ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣ ਅਤੇ ਪਰਿਵਾਰ ਸਮੇਤ ਸਾਰੇ ਸਕੇ ਸਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

# ਅਮਰੀਕਾ ਨਿਵਾਸੀ ਸ. ਬਲਵੰਤ ਸਿੰਘ ਦੇ ਪਰਿਵਾਰ ਵੱਲੋਂ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਸਵਰਾਜ ਮਾਜਦਾ ਟਰੱਕ ਭੇਟ

ਅੰਮ੍ਰਿਤਸਰ-ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਲਈ ਗੁਰੂ ਘਰ ਦੇ ਸ਼ਰਧਾਲੂ ਅਮਰੀਕਾ ਨਿਵਾਸੀ ਸ. ਬਲਵੰਤ ਸਿੰਘ ਅਤੇ ਪਰਿਵਾਰ ਵੱਲੋਂ ਸਵਰਾਜ ਮਾਜਦਾ ਟਰੱਕ ਭੇਟ ਕਰਕੇ ਗੁਰੂ ਘਰ ਪ੍ਰਤੀ ਸ਼ਰਧਾ ਪ੍ਰਗਟਾਈ ਗਈ। ਸਵਰਾਜ ਮਾਜਦਾ ਟਰੱਕ ਦੀਆਂ ਚਾਬੀਆਂ ਅੱਜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਹੁਦੇਦਾਰਾਂ ਤੇ ਅਧਿਕਾਰੀਆਂ ਦੀ ਮੌਜੂਦਗੀ ’ਚ ਪ੍ਰਾਪਤ ਕੀਤੀਆਂ।ਇਸ ਮੌਕੇ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਰੋਜ਼ਾਨਾ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਸੰਗਤਾਂ ਨਤਮਸਤਕ ਹੁੰਦੀਆਂ ਹਨ ਅਤੇ ਗੁਰੂ ਘਰ ਦੀਆਂ ਸੇਵਾਵਾਂ ਵਿਚ ਹਿੱਸਾ ਪਾਉਂਦੀਆਂ ਹਨ। ਗੁਰੂ ਘਰ ਦੇ ਸ਼ਰਧਾਲੂ ਸ. ਬਲਵੰਤ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਪਹਿਲਾਂ ਵੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕਈ ਸੇਵਾਵਾਂ ਵਿਚ ਵੱਡਾ ਹਿੱਸਾ ਪਾਇਆ ਗਿਆ ਹੈ। ਅੱਜ ਵੀ ਇਸ ਸੇਵਕ ਪਰਿਵਾਰ ਨੇ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਲਈ ਇਕ ਸਵਰਾਜ ਮਾਜਦਾ ਟਰੱਕ ਭੇਟ ਕੀਤਾ ਹੈ। ਐਡਵੋਕੇਟ ਧਾਮੀ ਨੇ ਸ. ਬਲਵੰਤ ਸਿੰਘ ਅਤੇ ਉਨ੍ਹਾਂ ਦੇ ਸਮੁੱਚੇ ਪਰਿਵਾਰ ਦਾ ਸ਼੍ਰੋਮਣੀ ਕਮੇਟੀ ਧੰਨਵਾਦ ਕਰਦਿਆਂ ਗੁਰੂ ਸਾਹਿਬ ਅੱਗੇ ਪਰਿਵਾਰ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ।ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਇੰਜੀ: ਸੁਖਮਿੰਦਰ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਜਸਵਿੰਦਰ ਸਿੰਘ ਜੱਸੀ, ਸ. ਹਰਭਜਨ ਸਿੰਘ ਵਕਤਾ, ਸ. ਰਣਜੀਤ ਸਿੰਘ ਜਲੰਧਰ ਆਦਿ ਹਾਜ਼ਰ ਸਨ।



# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।




# ਇੱਕ ਕੋਸ਼ਿਸ਼

## ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

## ਪੁਰਖਿਆਂ ਦੀ ਪੈੜ 'ਚ ਪੈਰ ਧਰਦਾ 'ਖ਼ਾਲਸਾ ਅਖ਼ਬਾਰ'

**ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !**


+44 74913 74913
www.khalsaakhbaar.com
editor@khalsaakhbaar.com
@khalsaakhbaar